# ਮੁਹੱਬਤ ਤੋਂ ਮੌਤ ਤੱਕ



www.punjabilibrary.com

ਮੈਂ ਭਰਿਆ ਨਫ਼ਰਤ ਨਾਲ, ਮੈਂ ਮੋਹ ਨਹੀਂ ਲਿਖ ਸਕਦਾ
ਜੋ ਸਾਰ ਵਿਖਾਏ ਨੀਂ, ਮੈਂ ਉਹ ਨਹੀਂ ਲਿਖ ਸਕਦਾ

ਗੁਰਪ੍ਰੀਤ ਗੁਰੀ

# ਮੁਹੱਬਤ ਤੋਂ ਮੌਤ ਤੱਕ

## ( ਕਾਵਿ ਸੰਗ੍ਰਹਿ )

ਗੁਰਪ੍ਰੀਤ ਗੁਰੀ



# MUHABBAT TON MAUT TAKK

By

Gurpreet Guri

Instagram : gurigurpreet498

Whats App : 9779670711

E-mail: guri04884@gmail.com

@Gurpreet Guri
All rights reserved

ਹੱਸਦਾ ਹੱਸਦਾ ਇੱਕੋ ਦਮ ਉਦਾਸ ਹੋ ਜਾਂਦਾ ਹਾਂ
ਇੱਕ ਪਲ ਜ਼ਿੰਦਾ ਦੂਜੇ ਪਲ ਮੈਂ ਲਾਸ਼ ਹੋ ਜਾਂਦਾ ਹਾਂ

# ਮੁਹੱਬਤ ਦਾ ਸਫ਼ਰ

ਕਦੇ ਸੋਚਿਆ ਨਹੀਂ ਸੀ ਕਿ ਮੁਹੱਬਤ ਦਾ ਇਹ ਸਫ਼ਰ ਮੈਨੂੰ ਕਿਸੇ ਦਿਨ ਇਸ ਮੁਕਾਮ ਤੇ ਲਿਆ ਕੇ ਖੜਾ ਕਰ ਦੇਵੇਗਾ
ਜਿੱਥੇ ਮੈਨੂੰ ਖ਼ੁਦ ਤੋਂ ਵੀ ਨਫ਼ਰਤ ਹੋਣ ਲੱਗ ਜਾਵੇਗੀ
ਖ਼ੁਦ ਦਾ ਚਿਹਰਾ ਵੇਖਣ ਤੋਂ ਵੀ ਡਰ ਜਿਹਾ ਲੱਗਦਾ ਹੈ ਹੁਣ ਮੈਨੂੰ
ਰੌਸ਼ਨੀ ਮੈਨੂੰ ਖਾਣ ਨੂੰ ਆਉਂਦੀ ਹੈ ਹੁਣ ਤੇ ਹਨੇਰਿਆਂ ਨਾਲ ਪਤਾ ਨੀ ਕਿਉਂ ਸਾਂਝ ਗੂੜ੍ਹੀ ਜਿਹੀ ਹੁੰਦੀ ਜਾ ਰਹੀ ਹੈ

ਤੇਰੇ ਨਾਲ ਜੁੜੀ ਹਰ ਚੀਜ਼ ਹਰ ਜਗ੍ਹਾ ਹਰ ਸਕਸ਼ ਮੈਨੂੰ ਹੁਣ ਬਸ ਦਰਦ ਦਾ ਹੀ ਅਹਿਸਾਸ ਕਰਵਾਉਂਦਾ ਹੈ
ਤੇਰੇ ਨਾਲ ਬਿਤਾਏ ਹਰ ਲਮਹੇ ਹਰ ਪਲ ਨੂੰ ਸੋਚ ਕੇ ਰੋਜ਼ ਤਨਹਾਈਆਂ ਦੇ ਹਨੇਰੇ 'ਚ ਡਿੱਗਦਾ ਜਾ ਰਿਹਾ ਹਾਂ
ਜਿੱਥੋਂ ਬਾਹਰ ਕੱਢਣ ਲਈ ਨਾ ਹੀ ਕੋਈ ਆਸ ਦੀ ਕਿਰਨ ਨਜ਼ਰ ਆ ਰਹੀ ਹੈ
ਤੇ ਨਾ ਹੀ ਕੋਈ ਉਮੀਦ ਦਾ ਰੱਸਾ ਜਿਸਨੂੰ ਫੜ੍ਹ ਕੇ ਮੈਂ ਬਾਹਰ ਆ ਸਕਾਂ

ਮੈਂ ਕਦੇ ਨਹੀਂ ਸੋਚਿਆ ਸੀ ਕਿ ਮੁਹੱਬਤ ਜਿੰਨੀ ਖ਼ੂਬਸੂਰਤ ਹੁੰਦੀ ਹੈ ਓਨੀ ਹੀ ਭਿਆਨਕ ਵੀ ਹੋ ਸਕਦੀ ਹੈ
ਮੁਹੱਬਤ ਨੂੰ ਜੰਨਤ ਤੋਂ ਦੋਜ਼ਖ਼ ਬਣਦਿਆਂ ਮੈਂ ਆਪਣੇ ਅੱਖੀ ਵੇਖਿਆ ਹੈ
ਆਪਣੀਆਂ ਆਸਾਂ ਉਮੀਦਾਂ ਦੀਆਂ ਲਾਸ਼ਾਂ ਨੂੰ ਮੈਂ ਆਪਣੇ ਹੱਥੀਂ ਅੱਗ ਲਗਾਈ ਹੈ

ਆਪਣੇ ਹਰ ਸੁਪਨੇ ਦਾ ਕਤਲ  ਮੈਂ ਆਪਣੇ ਅੱਖੀਂ  ਹੁੰਦਾ ਵੇਖਿਆ ਹੈ
ਮੇਰੀਆਂ ਸਾਰੀਆਂ ਰੀਝਾਂ ਨੇ ਮੇਰੇ ਹੱਥਾਂ ਵਿੱਚ ਆਪਣਾ ਦਮ ਤੋੜਿਆ ਹੈ
ਤੇ ਆਪਣੀਆਂ ਇਹਨਾਂ ਰੀਝਾਂ, ਸੁਪਨਿਆਂ, ਆਸਾਂ ਤੇ ਉਮੀਦਾਂ ਵਾਂਗੂ ਮੈਂ ਵੀ ਹੁਣ ਲਾਸ਼ ਹੀ ਬਣ ਚੁੱਕਿਆ ਹਾਂ
ਇੱਕ ਚੱਲਦੀ ਫਿਰਦੀ ਜਿਉਂਦੀ ਜਾਗਦੀ ਲਾਸ਼
ਜਿਸਨੂੰ ਹੁਣ ਕਿਸੇ ਦੇ ਹੋਣ ਜਾਂ ਨਾ ਹੋਣ ਨਾਲ ਕੋਈ ਫ਼ਰਕ ਨਹੀਂ ਪੈਂਦਾ

ਮੈਂ ਉਸ ਨਾਲ ਅਜਨਬੀ ਤੋਂ ਦੋਸਤ ਤੇ ਦੋਸਤ ਤੋਂ ਮੁਹੱਬਤ ਤੱਕ ਦਾ ਸਫ਼ਰ ਤਾਂ ਤੈਅ ਕਰ ਲਿਆ ਹੈ
ਹੁਣ ਬਸ ਬਾਕੀ ਰਹਿ ਗਿਆ ਹੈ
ਮੁਹੱਬਤ ਤੋਂ ਮੌਤ ਤੱਕ ਦਾ ਇਹ ਸਫ਼ਰ

✪✪ⓧ✪✪

# ਬਿਰਹੋਂ

ਬਿਰਹੋਂ ਦੀ ਅੱਗ ਰੋਜ਼ ਮੇਰੇ ਸੀਨੇ ਨੂੰ ਦਿੰਦੀ ਸੇਕ
ਬਿਰਹੋਂ ਦੇ ਨਾਲ ਲਿਖ ਦਿੱਤੇ ਨੇ ਰੱਬ ਨੇ ਮੇਰੇ ਲੇਖ

ਬਿਰਹੋਂ ਮੇਰੇ ਖ਼ੂਨ ਦਾ ਹਰ ਇੱਕ ਕਤਰਾ ਵਿੰਨ੍ਹ ਰਿਹਾ
ਬਿਰਹੋਂ ਮੇਰੇ ਦਿਲ ਵਿੱਚ ਖੁੱਭਿਆ ਯਾਰੋ ਬਣ ਕੇ ਮੇਖ

ਬਿਰਹੋਂ ਮੇਰੇ ਜਿਸਮ ਦੇ ਹਰ ਹਿੱਸੇ ਵਿੱਚ ਵੱਸ ਗਿਆ
ਬਿਰਹੋਂ ਮੇਰੇ ਵਿੱਚ ਰੋਵੇ ਮੇਰੇ ਵਿੱਚ ਹੱਸ ਰਿਹਾ

ਬਿਰਹੋਂ ਵਰਗਾ ਹੋ ਗਿਆ ਮੈਂ ਬਿਰਹੋਂ ਵਿੱਚ ਰਹਿ ਰਹਿ ਕੇ
ਹਰ ਕੋਈ ਮੈਨੂੰ ਹੁਣ ਬਿਰਹੋਂ ਦੇ ਵਰਗਾ ਦੱਸ ਰਿਹਾ

ਬਿਰਹੋਂ ਦੇ ਵਿੱਚ ਰਹਿ ਕੇ ਹੁਣ ਬਸ ਬਿਰਹੋਂ ਲਿਖਦਾ ਮੈਂ
ਬਿਰਹੋਂ ਹੀ ਹੁਣ ਮੇਰੀ ਕਵਿਤਾ ਬਿਰਹੋ ਹੀ ਸਿਰਲੇਖ

ਬਿਰਹੋਂ ਦੀ ਅੱਗ ਰੋਜ਼ ਮੇਰੇ ਸੀਨੇ ਨੂੰ ਦਿੰਦੀ ਸੇਕ
ਬਿਰਹੋਂ ਦੇ ਨਾਲ ਲਿਖ ਦਿੱਤੇ ਨੇ ਰੱਬ ਨੇ ਮੇਰੇ ਲੇਖ

# ਕਾਗਜ਼ ਵਰਗਾ ਪਿਆਰ

ਜਿੰਨਾ ਬਣਦਾ ਫਿਰੇਂ ਝੂਠਿਆ ਐਨਾ ਨਹੀਂ ਤੂੰ ਪਾਕ
ਤੇਰੀਆਂ ਕੀਤੀਆਂ ਦਾ ਹੁਣ ਤੈਨੂੰ ਰੱਬ ਹੀ ਦਊ ਸਰਾਪ

ਮੂੰਹ ਦਾ ਮਿੱਠਾ ਬਣਕੇ ਠੱਗਦਾ ਜ਼ਹਿਨ ਤੇਰੇ ਵਿੱਚ ਪਾਪ
ਕਾਗਜ਼ ਵਰਗਾ ਪਿਆਰ ਤੇਰਾ ਨਾ ਨਮੀ ਝੱਲੇ ਨਾ ਤਾਪ

ਇਸ਼ਕ ਜ਼ਾਹਿਰ ਕੀ ਕਰ ਦਿੱਤਾ ਮੈਂ ਬਣ ਗਿਆ ਤੂੰ ਭਗਵਾਨ
ਹਾਲ ਮੇਰੇ ਨੂੰ ਦੇਖ ਕੇ ਲੋਕੀਂ ਕਹਿਣ ਮੈਨੂੰ ਸ਼ਮਸ਼ਾਨ

ਪੰਛੀ ਵੀ ਮੇਰੇ ਨਾਲ ਰੋਂਵਦੇ ਕਰਦੇ ਨੇ ਵਿਰਲਾਪ
ਕਾਗਜ਼ ਵਰਗਾ ਪਿਆਰ ਤੇਰਾ ਨਾ ਨਮੀ ਝੱਲੇ ਨਾ ਤਾਪ

# ਕੁਝ ਰਿਸ਼ਤੇ

ਕਦੇ ਕਦੇ ਕੁਝ ਇਨਸਾਨਾਂ ਨੂੰ ਛੱਡਣਾ ਹੀ ਸਾਡੇ ਲਈ ਬਿਹਤਰ ਹੁੰਦਾ ਹੈ
ਕਿਉਂਕਿ ਕੁਝ ਰਿਸ਼ਤੇ ਹੱਥ ਵਿੱਚ ਫੜੀ ਕੰਡਿਆਲੀ ਤਾਰ ਵਰਗੇ ਹੁੰਦੇ ਨੇ
ਜਿਹਨਾਂ ਨੂੰ ਫੜ੍ਹੇ ਰੱਖਣ  ਨਾਲ ਇਨਸਾਨ ਨੂੰ ਕੁਝ ਨਹੀਂ  ਮਿਲਦਾ

ਹਾਂ  ਬੇਪਨਾਹ ਦਰਦ, ਪੀੜਾਂ ਤੇ ਹੰਝੂ ਜ਼ਰੂਰ ਮਿਲਦੇ ਨੇ
ਹੰਝੂ ਵੀ ਐਸੇ ਜੋ ਕਿਸੇ ਦੇ ਰੋਕਿਆ ਨਹੀਂ ਰੁਕਦੇ
ਬਸ ਵਹਿੰਦੇ ਰਹਿੰਦੇ ਨੇ ਇਕਸਾਰਤਾ ਨਾਲ਼

ਪਤਾ ਨੀ ਕਿੰਨੇ ਹੰਝੂ ਆਤਮ ਹੱਤਿਆ ਹਰ ਲੈਂਦੇ ਨੇ ਇਹਨਾਂ ਰਿਸ਼ਤਿਆਂ ਦੀ ਭੇਂਟ ਚੜ੍ਹ ਕੇ
ਅੱਖਾਂ ਤੋਂ ਬਾਹਰ ਨਿਕਲ ਕੇ ਗੱਲਾਂ ਨੂੰ ਛੂੰਹਦੇ ਹੋਏ
ਜ਼ਮੀਨ ਤੇ ਡਿੱਗ ਕੇ ਖ਼ਤਮ ਕਰ ਦਿੰਦੇ ਨੇ ਆਪਣੀ ਜ਼ਿੰਦਗੀ ਦਾ ਸਫ਼ਰ ਇਹ ਹੰਝੂ
ਸਿਰਫ਼ ਉਸ ਇਨਸਾਨ ਨੂੰ ਦੋ ਪਲ ਦਾ ਸਕੂਨ ਦੇਣ ਲਈ ਜੋ ਛੱਡਣ ਲਈ ਤਿਆਰ ਨਹੀਂ ਹੈ
ਇਹਨਾਂ ਕੰਡਿਆਲੀ ਤਾਰ ਵਰਗੇ ਰਿਸ਼ਤਿਆਂ ਨੂੰ

✪✪ⓧ✪✪

# ਪ੍ਰਤੀਤ ਹੁੰਦਾ

ਜਿਹਨੂੰ ਇਸ਼ਕ ਮੈਂ ਸਮਝੀ ਬੈਠੀ ਸੀ
ਹੁਣ ਰੋਗ ਜਿਹਾ ਪ੍ਰਤੀਤ ਹੁੰਦਾ
ਉਹਦਾ ਛੂਹਣਾ ਮੇਰਿਆਂ ਅੰਗਾਂ ਨੂੰ
ਹੁਣ ਜੋਕ ਜਿਹਾ ਪ੍ਰਤੀਤ ਹੁੰਦਾ

ਮੈਨੂੰ ਸੋਚ ਕੇ ਘਿਣ ਜਿਹੀ ਆਉਂਦੀ ਹੈ
ਮੈਂ ਖ਼ੁਦ ਨੂੰ ਤਾਹਨੇ ਮਾਰ ਰਹੀ
ਮੈਨੂੰ ਪ੍ਰੀਤ ਝੂਠੇ ਦਾ ਪਿਆਰ ਸੱਚੀਂ
ਹੁਣ ਭੋਗ ਜਿਹਾ ਪ੍ਰਤੀਤ ਹੁੰਦਾ

ਸਭ ਮ੍ਰਿਗ ਤ੍ਰਿਸ਼ਨਾ ਦੇ ਵਰਗਾ ਸੀ
ਸਭ ਝੂਠ ਫ਼ਰੇਬ ਛਲਾਵਾ ਸੀ
ਉਹ ਜਿਸਮ ਦੀ ਭੁੱਖ ਸੀ ਇਸ਼ਕ ਨਹੀਂ
ਉਹ ਤਾਂ ਬਸ ਇੱਕ ਦਿਖਾਵਾ ਸੀ

ਮੈਨੂੰ ਜ਼ਿੰਦਗੀ ਮੇਰੀ ਇੰਝ ਲੱਗਦੀ
ਜਿਵੇਂ ਬਿਰਹੋਂ ਦਾ ਕੋਈ ਗੀਤ ਹੁੰਦਾ
ਜਿਹਨੂੰ ਇਸ਼ਕ ਮੈਂ ਸਮਝੀ ਬੈਠੀ ਸੀ
ਹੁਣ ਰੋਗ ਜਿਹਾ ਪ੍ਰਤੀਤ ਹੁੰਦਾ

ਉਹ ਜਿਸਮ ਨੋਚ ਕੇ ਖ਼ੁਦ ਮੇਰਾ
ਮੈਨੂੰ ਜਿਸਮ ਦੀ ਭੁੱਖੀ ਦੱਸਦਾ ਹੈ
ਮੈਨੂੰ ਕੁੱਤਿਆਂ ਵਾਂਗ ਚੱਟਣ ਵਾਲਾ
ਹੁਣ ਮੈਨੂੰ ਕੁੱਤੀ ਦੱਸਦਾ ਹੈ

ਮੈਂ ਖੁਸ਼ ਰਹਿਣਾ ਸੀ ਜ਼ਿੰਦਗੀ ਵਿੱਚ
ਜੇਕਰ ਨਾ ਆਇਆ ਪ੍ਰੀਤ ਹੁੰਦਾ
ਜਿਹਨੂੰ ਇਸ਼ਕ ਮੈਂ ਸਮਝੀ ਬੈਠੀ ਸੀ
ਹੁਣ ਰੋਗ ਜਿਹਾ ਪ੍ਰਤੀਤ ਹੁੰਦਾ

# ਜਵਾਬ ਦਈ ਜਾਂਦੇ ਨੇ

ਥੋੜਾ ਹੀ ਸਫ਼ਰ ਬਾਕੀ ਬਚਿਆ ਹੈ ਸਾਹਾਂ ਦਾ
ਰੱਬ ਦੇ ਫ਼ਰਿਸ਼ਤੇ ਹਿਸਾਬ ਲਈ ਜਾਂਦੇ ਨੇ

ਪੰਜ ਸੱਤ ਦਿਨ ਬਚੇ ਲੱਗਦੇ ਨੇ ਜ਼ਿੰਦਗੀ ਦੇ
ਹੁਣ ਸਾਨੂੰ ਵੈਦ ਵੀ ਜਵਾਬ ਦਈ ਜਾਂਦੇ ਨੇ

ਆਪਣੇ ਚਹੇਤਿਆਂ ਲਈ ਸਾਉਣ ਹੋਣ ਵਾਲਾ ਹਾਂ
ਲੱਗਦਾ ਹੈ ਜਲਦੀ ਮੈਂ ਮੌਨ ਹੋਣ ਵਾਲਾ ਹਾਂ

ਮੇਰਿਆਂ ਯਾਰਾਂ ਤੋਂ ਮੇਰਾ ਗ਼ਮ ਵੇਖ ਹੁੰਦਾ ਨਹੀਂ
ਦਰਦ ਭੁਲਾਉਣ ਲਈ ਸ਼ਰਾਬ ਦਈ ਜਾਂਦੇ ਨੇ

ਪੰਜ ਸੱਤ ਦਿਨ ਬਚੇ ਲੱਗਦੇ ਨੇ ਜ਼ਿੰਦਗੀ ਦੇ
ਹੁਣ ਸਾਨੂੰ ਵੈਦ ਵੀ ਜਵਾਬ ਦਈ ਜਾਂਦੇ ਨੇ

# ਭੀਖ਼

ਜੇ ਨਾਲ ਰੱਖਣਾ ਹੈ ਤਾਂ ਚੱਜ ਨਾਲ ਰੱਖ ਮੈਨੂੰ
ਤੇ ਜੇ ਛੱਡਣਾ ਵੀ ਹੈ ਤਾਂ ਪੂਰੀ ਤਰ੍ਹਾਂ ਛੱਡ ਦੇ
ਮੈਨੂੰ ਕੋਈ ਸ਼ਿਕਵਾ ਨਹੀਂ ਹੈ
ਪਰ ਇਹ ਵਿੱਚ ਵਿਚਲੇ ਵਾਲ਼ੀ ਮੁਹੱਬਤ ਮੈਨੂੰ ਨਹੀਂ ਚਾਹੀਦੀ
ਮੈਨੂੰ ਨਹੀਂ ਚਾਹੀਦਾ ਤੇਰਾ ਤਰਸ ਦੇ ਆਧਾਰ ਤੇ ਮਿਲਿਆ ਇਹ ਪਿਆਰ

ਤੈਨੂੰ ਪਤਾ !
ਮੈਂ ਤਿਆਰ ਹਾਂ ਤੈਨੂੰ ਸਾਰੇ ਹੱਕ, ਸਾਰੇ ਅਧਿਕਾਰ ਦੇਣ ਲਈ
ਪੂਰੀ ਉਮਰ ਆਖ਼ਰੀ ਸਾਹ ਤੱਕ ਤੇਰਾ ਹਮਸਫ਼ਰ ਬਣਨ ਲਈ
ਤੈਨੂੰ ਉਹ ਸਭ ਕੁਝ ਸੌਂਪਣ ਲਈ ਜੋ ਮੇਰਾ ਹੈ

ਮੈਂ ਤਿਆਰ ਹਾਂ ਆਪਣੇ ਦਿਲ ਦੀ ਧਰਾਤਲ ਤੇਰੇ ਹਵਾਲੇ ਕਰਨ ਲਈ
ਭਾਵੇਂ ਉੱਥੇ ਕੰਡੇ ਬੀਜ ਜਾਂ ਫੁੱਲਾਂ ਦੀ ਖ਼ੇਤੀ ਕਰ
ਮੈਨੂੰ ਕੋਈ ਸ਼ਿਕਵਾ ਨਹੀਂ
ਮੈਂ ਤਿਆਰ ਹਾਂ ਤੈਨੂੰ ਤੇਰੀਆਂ ਖ਼ਾਮੀਆਂ, ਤੇਰੀਆਂ ਕਮੀਆਂ
ਤੇ ਤੇਰੇ ਐਬਾਂ ਸਮੇਤ ਸਵੀਕਾਰ ਕਰਨ ਲਈ
ਸੱਚ ਦੱਸਾਂ !
ਮੈਨੂੰ ਹੋਰਾਂ ਵਾਂਗੂ ਸ਼ਿਕਾਇਤਾਂ ਕਰਨੀਆਂ ਨਹੀਂ ਆਉਂਦੀਆਂ
ਮੇਰੇ ਕੋਲ ਸ਼ਬਦ ਨਹੀਂ ਹੁੰਦੇ ਬੋਲ ਕੇ ਦੱਸਣ ਲਈ ਕਿ ਮੈਂ ਕੀ ਮਹਿਸੂਸ ਕਰ ਰਿਹਾ ਹਾਂ

ਪਰ ਮੈਂ ਬਹੁਤ ਟੁੱਟ ਚੁੱਕਾ ਹਾਂ ਅੰਦਰੋਂ

ਹੁਣ ਹੋਰ ਹਿੰਮਤ ਨਹੀਂ ਹੈ ਮੇਰੇ ਵਿੱਚ ਸਹਿਣ ਕਰਨ ਦੀ

ਇਸੇ ਲਈ ਕਹਿ ਰਿਹਾ ਹਾਂ ਜੇ ਛੱਡਣਾ ਹੈ ਤਾਂ ਅੱਜ ਹੀ ਛੱਡ ਦੇ ਮੈਨੂੰ

ਮੈਨੂੰ ਕੋਈ ਰੋਸਾ ਨਹੀਂ ਹੈ ਕੋਈ ਸ਼ਿਕਵਾ ਨਹੀਂ ਹੈ

ਪਰ ਮੈਨੂੰ ਭੀਖ਼ ਵਿੱਚ ਮਿਲੀ ਤੇਰੀ ਇਹ ਮੁਹੱਬਤ ਨਹੀਂ ਚਾਹੀਦੀ

# ਰੱਬ ਦੇ ਕੋਲੋਂ

ਐਸੇ ਜਖ਼ਮ ਦੇ ਗਿਆ ਉਹ
ਜੋ ਭਰੇ ਨਹੀਂ ਜਾਂਦੇ
ਰੱਬ ਦੇ ਕੋਲੋਂ ਮੇਰੇ ਹਾਸੇ
ਜ਼ਰੇ ਨਹੀਂ ਜਾਂਦੇ

ਇੱਕ ਪਲ ਲਈ ਖੁਸ਼ ਹੋ ਜਾਵਾਂ ਜੇ
ਸੌ ਗ਼ਮ ਉਹ ਪੱਲੇ ਪਾ ਦਿੰਦਾ
ਜਦ ਸੋਚਾਂ ਸਭ ਕੁਝ ਠੀਕ ਹੈ ਹੁਣ
ਮੈਨੂੰ ਗ਼ਲਤ ਉਦੋਂ ਉਹ ਪਾ ਦਿੰਦਾ

ਪੀੜ੍ਹਾਂ ਗਮ ਮੇਰੇ ਨਾਲ ਰਹਿਣ
ਹੁਣ ਘਰੇ ਨਹੀਂ ਜਾਂਦੇ
ਰੱਬ ਦੇ ਕੋਲੋਂ ਮੇਰੇ ਹਾਸੇ
ਜ਼ਰੇ ਨਹੀਂ ਜਾਂਦੇ

ਤਰਸ ਕਰੇ ਨਾ ਮੇਰੇ ਤੇ
ਭਾਵੇਂ ਮੈਂ ਰੋਈ ਜਾਂਦਾ ਆ
ਇੱਕ ਇੱਕ ਕਰਕੇ ਮੇਰੇ ਸਾਰੇ
ਖ਼ਾਸ ਉਹ ਖੋਈ ਜਾਂਦਾ ਆ

ਖ਼ੁਦ ਨੂੰ ਕਿੰਝ ਸਮਝਾਵਾਂ

ਸਬਰ ਹੁਣ ਕਰੇ ਨਹੀਂ ਜਾਂਦੇ

ਰੱਬ ਦੇ ਕੋਲੋਂ ਮੇਰੇ ਹਾਸੇ

ਜ਼ਰੇ ਨਹੀਂ ਜਾਂਦੇ

# ਡਰ

ਕਦੇ ਕਦੇ ਇੰਝ ਲੱਗਦਾ ਹੈ ਕਿ ਸਾਡੀ ਮੁਹੱਬਤ ਕਦੇ  ਮੁਕੰਮਲ ਨਹੀਂ ਹੋਣੀ
ਜਦੋਂ ਕਦੇ ਇੱਕ ਚੀਜ਼ ਸਾਡੀ ਮੁਹੱਬਤ ਦੇ ਪੱਖ ਚ ਹੁੰਦੀ ਹੈ ਤਾਂ
ਬਾਕੀ ਸੌ ਚੀਜਾਂ ਸਾਡੀ ਮੁਹੱਬਤ ਦੇ ਖ਼ਿਲਾਫ਼ ਜਾਣ ਲੱਗਦੀਆਂ ਨੇ

ਸੱਚੀਂ !
ਹੁਣ ਤੇ ਮੈਨੂੰ ਵੀ ਇਹ ਲੱਗਣ ਲੱਗ ਗਿਆ ਹੈ ਕਿ
ਰੱਬ ਨੂੰ ਸਾਡੇ ਹਾਸੇ ਚੰਗੇ ਨਹੀਂ ਲੱਗਦੇ
ਅਸੀਂ ਥੋੜਾ ਜਿਹਾ ਵੀ ਖੁਸ਼ ਹੋ ਲਈਏ ਤਾਂ ਉਹ ਸਾਨੂੰ ਕੋਈ ਨਵੀਂ ਵਜਾਹ ਦੇ ਦਿੰਦਾ ਹੈ ਰੋਣ ਦੀ

ਤੈਨੂੰ ਪਤਾ ਹੈ ਨਾ !
ਮੈਨੂੰ ਸਭ ਤੋਂ ਵੱਧ ਡਰ ਤੇਰੇ ਤੋਂ ਵੱਖ ਹੋਣ ਤੋਂ ਲੱਗਦਾ ਹੈ
ਤੇ ਹੁਣ ਮੈਨੂੰ ਆਪਣਾ ਇਹ ਡਰ ਸੱਚ ਹੁੰਦਾ ਜਾਪ ਰਿਹਾ ਹੈ
ਹੌਲੀ ਹੌਲੀ ਤੂੰ ਮੈਨੂੰ ਮੇਰੇ ਤੋਂ ਦੂਰ ਹੁੰਦਾ ਦਿਖ ਰਿਹਾ ਹੈ
ਮੈਂ ਬਸ ਵੇਖਣ ਨੂੰ ਠੀਕ ਲੱਗਦਾ ਹਾਂ
ਪਰ ਅਸਲ ਵਿੱਚ ਮੈਂ ਠੀਕ ਨਹੀਂ ਹਾਂ
ਮੈਨੂੰ ਤੇਰੇ ਤੋਂ ਵੱਖ ਹੋਣ ਦਾ ਡਰ ਅੰਦਰੋਂ ਹੀ ਅੰਦਰ ਖਾ ਰਿਹਾ ਹੈ
ਤੇਰੇ ਨਾਲ ਮੁਹੱਬਤ  ਕਰਨ ਤੋਂ ਪਹਿਲਾਂ ਮੈਂ ਬੇਪਰਵਾਹ ਸੀ
ਪਰ ਹੁਣ ਮੇਰੀ ਇਹ ਬੇਪਰਵਾਹੀ ਖ਼ਤਮ ਹੋ ਚੁੱਕੀ ਹੈ

ਮੈਨੂੰ ਫ਼ਿਕਰ ਰਹਿੰਦੀ ਹੈ ਸਾਡੇ ਦੋਵਾਂ ਦੇ ਕੱਲ ਦੀ
ਸਾਡੇ ਸੁਪਨਿਆਂ ਦੀ, ਸਾਡੀਆਂ ਰੀਝਾਂ ਦੀ
ਪਰ ਮੈਂ ਚਾਹ ਕੇ ਵੀ ਕੁਝ ਨਹੀਂ ਕਰ ਸਕਦਾ
ਕਿਉਂਕਿ ਜ਼ਿੰਦਗੀ ਸਾਡੇ ਹਿਸਾਬ ਨਾਲ ਨਹੀਂ ਚੱਲਦੀ
ਸਾਨੂੰ ਜ਼ਿੰਦਗੀ ਦੇ ਹਿਸਾਬ ਨਾਲ ਚੱਲਣਾ ਪੈਂਦਾ ਹੈ

# ਹੱਥਕੜੀਆਂ

ਉਹਦਾ ਦਿੱਤਾ ਜਖ਼ਮ ਜਦੋਂ ਵੀ ਵੱਗਦਾ ਹੈ
ਵਿਆਹ ਦਾ ਚੂੜਾ ਹੱਥਕੜੀਆਂ ਜਿਹਾ ਲੱਗਦਾ ਹੈ

ਜਦ ਮਨ ਕਰਦਾ ਹੱਥ ਮੇਰੇ ਤੇ ਚੱਕਦਾ ਹੈ
ਮੈਨੂੰ ਬਸ ਭੋਗਣ ਦੀ ਵਸਤੂ ਦੱਸਦਾ ਹੈ

ਦਾਨਵ ਵਾਂਗਰ ਜਦੋਂ ਕੁੱਟਣ ਲਈ ਭੱਜਦਾ ਹੈ
ਵਿਆਹ ਦਾ ਚੂੜਾ ਹੱਥਕੜੀਆਂ ਜਿਹਾ ਲੱਗਦਾ ਹੈ

ਕਰੇ ਤਸ਼ੱਦਦ ਰੋਜ ਫ਼ੇਰ ਵੀ ਮਨ ਨੀ ਭਰਦਾ
ਬੰਦਾ ਹੈ ਉਹ ਪਰ ਬੰਦਿਆਂ ਜਿਹੇ ਕੰਮ ਨਹੀਂ ਕਰਦਾ

ਅੱਖ ਮੇਰੀ ਚੋਂ ਜਦ ਵੀ ਪਾਣੀ ਵੱਗਦਾ ਹੈ
ਵਿਆਹ ਦਾ ਚੂੜਾ ਹੱਥਕੜੀਆਂ ਜਿਹਾ ਲੱਗਦਾ ਹੈ

# ਪਾਕ ਮੁਹੱਬਤ

ਮੈਂ ਪਾਕ ਮੁਹੱਬਤ ਨਹੀਂ ਕੀਤੀ
ਬਸ ਉਹਦਾ ਜਿਸਮ ਹੰਢਾਇਆ ਹੈ
ਉਹਦੇ ਬਾਅਦ ਵੀ ਕਈਆਂ ਕੁੜੀਆਂ ਨੂੰ
ਮੈਂ ਆਪਣੇ ਨਾਲ ਸਵਾਇਆ ਹੈ

ਮੈਂ ਵਜਾਹ ਹਾਂ ਉਹਦੇ ਹੰਝੂਆਂ ਦੀ
ਪਾਪੀ ਹਾਂ ਮੈਂ ਗੁਨਾਹਗਾਰ ਹਾਂ ਮੈਂ
ਉਹਨੇ ਫਿਰ ਵੀ ਮੈਨੂੰ ਮਾਫ਼ ਕੀਤਾ
ਤਾਹੀਂ ਤੇ ਸ਼ੁਕਰਗੁਜ਼ਾਰ ਹਾਂ ਮੈਂ

ਰਿਹਾ ਖ਼ਾਕ ਛਾਣਦਾ ਜਿਸਮਾਂ ਦੀ
ਹੀਰੇ ਜਿਹਾ ਪਿਆਰ ਗਵਾਇਆ ਹੈ
ਮੈਂ ਪਾਕ ਮੁਹੱਬਤ ਨਹੀਂ ਕੀਤੀ
ਬਸ ਉਹਦਾ ਜਿਸਮ ਹੰਢਾਇਆ ਹੈ

ਉਹ ਬੇਸ਼ਕੀਮਤੀ ਬਹੁਮੁੱਲੀ
ਮੈਂ ਜਾਣੀ ਉਹਦੀ ਕੀਮਤ ਨੀ
ਮੈਂ ਸੱਚ ਆਖਾਂ ਮੇਰੀ ਸੋਚ ਉਦੋਂ
ਉਹਦੇ ਅੰਗਾਂ ਤੱਕ ਹੀ ਸੀਮਤ ਸੀ

ਉਹਨੂੰ ਖ਼ਵਾਬ ਦਿਖਾ ਕੇ ਜੰਨਤ ਦੇ

ਮੈਂ ਦੋਜ਼ਖ਼ ਦੇ ਰਾਹ ਪਾਇਆ ਹੈ

ਮੈਂ ਪਾਕ ਮੁਹੱਬਤ ਨਹੀਂ ਕੀਤੀ

ਬਸ ਉਹਦਾ ਜਿਸਮ ਹੰਢਾਇਆ ਹੈ

ਉਹਦੇ ਬਾਅਦ ਵੀ ਕਈਆਂ ਕੁੜੀਆਂ ਨੂੰ

ਮੈਂ ਆਪਣੇ ਨਾਲ ਸਵਾਇਆ ਹੈ

# ਸ਼ਿਵ ਵਰਗੀ

ਅਕਸਰ ਹੀ ਸ਼ਿਵ ਦੇ ਗੀਤਾਂ ਨੂੰ ਗਾਉਂਦੀ ਰਹਿੰਦੀ ਹੈ
ਅਸ਼ਕਾਂ ਦੀ ਕਵਿਤਾ ਪੰਨਿਆਂ ਤੇ ਲਾਉਂਦੀ ਰਹਿੰਦੀ ਹੈ
ਦੁਨੀਆ ਤੋਂ ਕਿਤੇ ਦੂਰ ਉਹ ਬਿਰਹੋਂ ਦੇ ਵਿੱਚ ਖੋ ਗਈ ਹੈ
ਸ਼ਿਵ ਨੂੰ ਪੜ੍ਹਦੀ ਪੜ੍ਹਦੀ ਉਹ ਸ਼ਿਵ ਵਰਗੀ ਹੋ ਗਈ ਹੈ

ਕਦੇ "ਪਰਾਗਾ ਪੀੜ ਦਾ", ਕਦੇ "ਮੈਂ ਤੇ ਮੈਂ" ਪੜ੍ਹਦੀ ਹੈ
ਕਦੇ ਜ਼ਿਕਰ ਸ਼ਿਕਰੇ ਦਾ, ਕਦੇ ਲੂਣਾ ਦਾ ਕਰਦੀ ਹੈ
ਉਸਦੀਆਂ ਲਿਖਤਾਂ ਦੇ ਵਿੱਚ ਹੀ ਉਹ ਕਿਧਰੇ ਖੋ ਗਈ ਹੈ
ਸ਼ਿਵ ਨੂੰ ਪੜ੍ਹਦੀ ਪੜ੍ਹਦੀ ਉਹ ਸ਼ਿਵ ਵਰਗੀ ਹੋ ਗਈ ਹੈ

ਸ਼ਿਵ ਦੀਆਂ ਪੈੜਾਂ ਉੱਤੇ ਪੈਰ ਉਹ ਧਰਨਾ ਚਾਉਂਦੀ ਹੈ
ਜੋਬਨ ਰੁੱਤੇ ਉਹ ਵੀ ਤਾਰਾ ਬਣਨਾ ਚਾਹੁੰਦੀ ਹੈ
ਲਿਖੀ ਉਹਦੀ ਹਰ ਨਜ਼ਮ ਪੜ੍ਹਨ ਵਾਲੇ ਨੂੰ ਮੋਹ ਗਈ ਹੈ
ਸ਼ਿਵ ਨੂੰ ਪੜ੍ਹਦੀ ਪੜ੍ਹਦੀ ਉਹ ਸ਼ਿਵ  ਵਰਗੀ ਹੋ ਗਈ ਹੈ

# ਦੁੱਖ

ਜਿੰਨੇ ਕੁ ਪਹਾੜਾਂ ਵਿੱਚ ਰੁੱਖ ਲੱਗੇ ਹੋਏ ਨੇ
ਓਨੇ ਮੇਰੀ ਜ਼ਿੰਦਗੀ ਨੂੰ ਦੁੱਖ ਲੱਗੇ ਹੋਏ ਨੇ

ਯਾਰੀ ਮੇਰੀ ਹੰਝੂਆਂ ਨਾ ਬਿਨਾਂ ਮੇਰੇ ਰਹਿਣ ਨਾ
ਪਲ ਵੀ ਇਕੱਲਾ ਹੁਣ ਦਿੰਦੇ ਮੈਨੂੰ ਬਹਿਣ ਨਾ

ਆਸ ਦਾ ਨਾ ਦੀਵਾ, ਨਾ' ਉਮੀਦ ਦੀ ਕਿਰਨ ਕੋਈ
ਰੂਹ ਨੂੰ ਹਨੇਰੇ ਹੁਣ ਘੁੱਪ ਲੱਗੇ ਹੋਏ ਨੇ

ਜਿੰਨੇ ਕੁ ਪਹਾੜਾਂ ਵਿੱਚ ਰੁੱਖ ਲੱਗੇ ਹੋਏ ਨੇ
ਓਨੇ ਮੇਰੀ ਜ਼ਿੰਦਗੀ ਨੂੰ ਦੁੱਖ ਲੱਗੇ ਹੋਏ ਨੇ

ਅੱਖਾਂ 'ਚ ਉਦਾਸੀ ਲੁਕੀ ਝੱਟ ਪੜ ਲੈਂਦੇ ਨੇ
ਸ਼ੇਅਰ ਮੇਰੇ ਸੁਣ ਕੇ ਨੇਤਰ ਭਰ ਲੈਂਦੇ ਨੇ

ਦਰਦ ਪਛਾਣਦੇ ਨੇ, ਪੀੜ ਮੇਰੀ ਜਾਣਦੇ ਨੇ
ਪ੍ਰੀਤ ਨੂੰ ਕਰਾਉਣ ਪੰਛੀ ਚੁੱਪ ਲੱਗੇ ਹੋਏ ਨੇ

ਜਿੰਨੇ ਕੁ ਪਹਾੜਾਂ ਵਿੱਚ ਰੁੱਖ ਲੱਗੇ ਹੋਏ ਨੇ
ਓਨੇ ਮੇਰੀ ਜ਼ਿੰਦਗੀ ਨੂੰ ਦੁੱਖ ਲੱਗੇ ਹੋਏ ਨੇ

# ਰਾਤਾਂ

ਲੋਕ ਕਹਿੰਦੇ ਨੇ ਕਿ ਰਾਤ ਸੌਣ ਲਈ ਹੁੰਦੀ ਹੈ

ਪਰ ਅੱਜ ਕੱਲ੍ਹ ਮੈਂ ਰਾਤਾਂ ਨੂੰ ਸੌਂਦਾ ਨਹੀਂ ਹਾਂ

ਪਤਾ ਨਹੀਂ ਕਿੰਨੀਆਂ ਰਾਤਾਂ ਹੋ ਗਈਆਂ ਨੇ

ਮੈਂ ਨਹੀਂ ਸੁੱਤਾ

ਅੱਜ ਕੱਲ੍ਹ ਨੀਂਦਰ ਮੇਰੀਆਂ ਅੱਖਾਂ ਦੇ ਨੇੜੇ ਤੇੜੇ ਵੀ ਨਹੀਂ ਆਉਂਦੀ

ਕੋਹਾਂ ਦੂਰ ਹੈ ਨੀਂਦ ਮੇਰੀਆਂ ਅੱਖਾਂ ਕੋਲੋਂ

ਜਦੋਂ ਦੀ ਤੂੰ ਮੇਰੇ ਕੋਲੋਂ ਦੂਰ ਜਾ ਕੇ ਤਾਰਿਆਂ ਦੇ ਦੇਸ ਵਿੱਚ ਵਸ ਗਈ ਹੈ

ਆਪਣੇ ਘਰ ਦੀ ਛੱਤ ਉੱਤੇ ਬੈਠ ਕੇ ਰੋਜ਼ ਨਿਹਾਰਦਾ ਹਾਂ ਮੈਂ ਤੈਨੂੰ ਤਾਰਿਆਂ ਦੇ ਵਿੱਚ ਬੈਠੀ ਹੋਈ ਨੂੰ

ਮੈਂ ਅੱਜ ਵੀ ਤੇਰੇ ਨਾਲ ਕਿੰਨੀਆਂ ਹੀ ਗੱਲਾਂ ਸਾਂਝੀਆਂ ਕਰਦਾ ਹਾਂ

ਉਹ ਹਰ ਗੱਲ ਤੈਨੂੰ ਦੱਸਦਾ ਹਾਂ ਜੋ ਪੂਰੇ ਦਿਨ ਵਿੱਚ ਮੇਰੇ ਨਾਲ ਵਾਪਰਦੀ ਹੈ

ਪਰ ਹੁਣ ਫ਼ਰਕ ਬਸ ਇੰਨਾ ਹੀ ਹੈ ਕਿ ਤੂੰ ਮੇਰੀਆਂ ਗੱਲਾਂ ਦੇ ਪਹਿਲਾਂ ਵਾਂਗੂ ਹੁੰਗਾਰੇ ਨਹੀਂ ਭਰਦੀ

ਤੇ ਨਾ ਹੀ ਮੇਰੀਆਂ ਗੱਲਾਂ ਸੁਣ ਕੇ ਕੋਈ ਸਵਾਲ ਕਰਦੀ ਹੈ

ਗਲੇ ਤਾਂ ਮੈਂ ਤੈਨੂੰ ਅੱਜ ਵੀ ਲਗਾਉਂਦਾ ਹਾਂ, ਪਰ ਸਿਰਫ਼ ਖਿਆਲਾਂ ਵਿੱਚ

ਹਕੀਕਤ ਵਿੱਚ ਤਾਂ ਬਹੁਤ ਦੂਰ ਜਾ ਕੇ ਬੈਠ ਗਈ ਏ ਤੂੰ ਮੇਰੇ ਤੋਂ

ਇੰਨੀ ਦੂਰ ਕਿ ਮੈਂ ਤੇਰੀ ਇੱਕ ਛੋਹ ਲਈ ਵੀ ਤਰਸ ਰਿਹਾ ਹਾਂ

# ਇੱਕ ਸ਼ਾਇਰ

ਉਹਨੂੰ ਅੰਦਰੋਂ ਖਾਂਦਾ ਗ਼ਮ ਕੋਈ
ਉਂਝ ਬਾਹਰੋਂ ਤੇ ਖੁਸ਼ ਦਿਖਦਾ ਹੈ
ਇੱਕ ਸ਼ਾਇਰ ਨਾਮ ਪ੍ਰੀਤ ਜਿਹਦਾ
ਅੱਜ ਕੱਲ੍ਹ ਬਸ ਬਿਰਹੋਂ ਲਿਖਦਾ ਹੈ

ਉਹਨੂੰ ਐਬ ਕੋਈ ਲੱਗਿਆ ਲੱਗਦਾ ਹੈ
ਜੋ ਰੂਹ ਉਹਦੀ ਨੂੰ ਸਾੜ ਰਿਹਾ
ਉਹਨੂੰ ਮੋਹ ਨਾ ਜ਼ਿੰਦਗੀ ਨਾਲ ਰਿਹਾ
ਉਹ ਖ਼ੁਦ ਨੂੰ ਸੂਲ਼ੀ ਚਾੜ੍ਹ ਰਿਹਾ

ਉਹਦੇ ਪੈਰ 'ਚ ਰੱਸਾ ਇਸ਼ਕ ਵਾਲਾ
ਜੋ ਪਿੱਛੇ ਉਹਨੂੰ ਖਿੱਚਦਾ ਹੈ
ਇੱਕ ਸ਼ਾਇਰ ਨਾਮ ਪ੍ਰੀਤ ਜਿਹਦਾ
ਅੱਜ ਕੱਲ੍ਹ ਬਸ ਬਿਰਹੋਂ ਲਿਖਦਾ ਹੈ

ਮੈਨੂੰ ਲੱਗਦਾ ਸ਼ਿਵ ਦੇ ਵਾਂਗਰ ਉਹ
ਕੋਈ ਸ਼ਿਕਰਾ ਯਾਰ ਬਣਾ ਬੈਠਾ
ਅੱਖਾਂ ਤੇ ਇਸ਼ਕ ਦਾ ਪਰਦਾ ਸੀ
ਕਿਸੇ ਕਾਫ਼ਿਰ ਨੂੰ ਉਹ ਚਾਹ ਬੈਠਾ

ਉਹ ਨਾਲ ਰਹਿੰਦਾ ਤਨਹਾਈ ਦੇ
ਲੋਕਾਂ ਵਿੱਚ ਘੱਟ ਹੀ ਦਿਖਦਾ ਹੈ
ਇੱਕ ਸ਼ਾਇਰ ਨਾਮ ਪ੍ਰੀਤ ਜਿਹਦਾ
ਅੱਜ ਕੱਲ੍ਹ ਬਸ ਬਿਰਹੋਂ ਲਿਖਦਾ ਹੈ

# ਇਸ਼ਕ ਬਿਮਾਰੀ

ਜੋ ਜੋ ਲੋਕੀਂ ਗਏ ਆਖ਼ਦੇ
ਮੈਂ ਉਹ ਸਭ ਕੁਝ ਕੀਤਾ
ਉਹਦਾ ਦਿੱਤਾ ਜਖ਼ਮ ਨੀ ਭਰਦਾ
ਲੱਖ ਵਾਰੀ ਮੈਂ ਸੀਤਾ

ਚੀਸ ਜਗਾਵੇ ਦਿਲ ਮੇਰੇ ਵਿੱਚ
ਧੂਹ ਜੋ ਰੂਹ ਤੱਕ ਪਾਵੇ
ਦਰਦ ਅਵੱਲਾ ਦੇ ਕੇ ਤੁਰ ਗਿਆ
ਸਿਹਾ ਨਾ ਮੈਥੋਂ ਜਾਵੇ

ਦਿਲ ਮੇਰੇ ਦਾ ਮਾਸ ਖਾਵੇ ਉਹ
ਜਿਵੇਂ ਸ਼ਿਕਾਰੀ ਚੀਤਾ
ਉਹਦਾ ਦਿੱਤਾ ਜਖ਼ਮ ਨੀ ਭਰਦਾ
ਲੱਖ ਵਾਰੀ ਮੈਂ ਸੀਤਾ

ਮੌਲੀਆਂ ਧਾਗੇ ਕੰਮ ਨਹੀਂ ਕਰਦੇ
ਥਾਂ ਥਾਂ ਮੱਥੇ ਟੇਕ ਲਏ ਮੈਂ
ਇਸ਼ਕ ਬਿਮਾਰੀ ਠੀਕ ਨਹੀਂ ਹੁੰਦੀ
ਵੈਦ ਬਦਲ ਕੇ ਦੇਖ ਲਏ ਮੈਂ

ਅੰਮ੍ਰਿਤ ਮੈਨੂੰ ਰਾਸ ਨਾ ਆਇਆ
ਜ਼ਹਿਰ ਤਾਹੀਂ ਮੈਂ ਪੀਤਾ
ਉਹਦਾ ਦਿੱਤਾ ਜਖ਼ਮ ਨੀ ਭਰਦਾ
ਲੱਖ ਵਾਰੀ ਮੈਂ ਸੀਤਾ

# ਮੁਕਤੀ

ਮੈਂ ਮੁਕਤ ਹੋਣਾ ਚਾਹੁੰਦਾ ਹਾਂ ਤੇਰੀ ਮੁਹੱਬਤ ਤੋਂ
ਮੈਨੂੰ ਆਜ਼ਾਦੀ ਚਾਹੀਦੀ ਹੈ ਤੇਰੀਆਂ ਯਾਦਾਂ ਤੋਂ
ਕਿਉਂਕਿ ਹੁਣ ਇਹ ਮੈਨੂੰ ਸਿਰਫ਼ ਤਕਲੀਫ਼ ਦਿੰਦੀਆਂ ਨੇ
ਆਪਣੇ ਚੱਲਦੇ ਹੋਏ  ਸਾਹਾਂ ਤੋਂ ਵੀ ਘਿਣ ਜਿਹੀ ਆਉਣ ਲੱਗ ਪਈ ਹੈ ਮੈਨੂੰ

ਮੈਂ ਡੁੱਬਦਾ ਜਾ ਰਿਹਾਂ ਹਾਂ ਦਿਨ ਬ ਦਿਨ
ਡੂੰਘਾ ਹੋਰ ਡੂੰਘਾ
ਗ਼ਮ ਦੇ ਇਸ ਗਹਿਰੇ ਸਮੁੰਦਰ ਵਿੱਚ
ਹੁਣ ਮੇਰੇ ਚਾਰੋਂ ਪਾਸੇ ਸਿਰਫ਼ ਹਨੇਰਾ ਹੈ
ਘੁੱਪ ਹਨੇਰਾ !
ਰੌਸ਼ਨੀ ਦੀ ਕੋਈ ਕਿਰਨ ਨਜ਼ਰ ਨਹੀਂ ਆ ਰਹੀ
ਆਸ ਦਾ ਕੋਈ ਦੀਵਾ ਨਹੀਂ ਬਲ਼ ਰਿਹਾ
ਅਤੇ ਨਾ ਹੀ ਉਮੀਦ ਦਾ ਕੋਈ ਜੁਗਨੂੰ ਜਗਮਗਾ ਰਿਹਾ ਹੈ

ਮੈਂ ਇਕੱਲਾ ਹਾਂ
ਬਿਲਕੁਲ ਇਕੱਲਾ !
ਹੁਣ ਇਹ ਤਨਹਾਈ ਮੈਨੂੰ ਖਾ ਰਹੀ ਹੈ ਰਫ਼ਤਾ ਰਫ਼ਤਾ
ਬਿਲਕੁਲ ਕਿਸੇ ਸਿਉਂਕ ਦੇ ਵਾਂਗੂ
ਮੈਂ ਖੋਖਲਾ ਹੋ ਚੁੱਕਾ ਹਾਂ ਅੰਦਰੋਂ

ਇਸੇ ਲਈ ਹੁਣ ਮੈਂ ਆਜ਼ਾਦ ਹੋਣਾ ਚਾਹੁੰਦਾ ਹਾਂ

ਮੈਨੂੰ ਮੁਕਤੀ ਚਾਹੀਦੀ ਹੈ, ਤੇਰੀ ਮੁਹੱਬਤ ਤੋਂ

ਤੇਰੀਆਂ ਯਾਦਾਂ ਤੋਂ ਅਤੇ ਇਸ ਦੁਨੀਆਂ ਤੋਂ ਵੀ

# ਸੁਲਝੇ ਹੋਏ

ਜੋ ਕਹਿੰਦੇ ਨੇ, "ਸ਼ਾਇਰ ਇਹ ਸੁਲਝੇ ਹੋਏ ਨੇ"
ਕੀ ਜਾਨਣ ਮੁਹੱਬਤ ਚ ਉਲਝੇ ਹੋਏ ਨੇ !

ਮਹਿਫ਼ਿਲ ਤੋਂ ਇਲਾਵਾ ਇਹ ਹੱਸਦੇ ਨਹੀਂ ਨੇ
ਇਹ ਉੱਜੜੇ ਪਏ ਨੇ, ਇਹ ਵੱਸਦੇ ਨਹੀਂ ਨੇ

ਇਹ ਪੀੜਾਂ ਤੇ ਗ਼ਮ ਨਾਲ ਭਰੇ ਪਏ ਨੇ ਅੰਦਰੋਂ
ਮਗਰ ਇਹ ਕਿਸੇ ਨੂੰ ਵੀ ਦੱਸਦੇ ਨਹੀਂ ਨੇ

ਇਹ ਅਸ਼ਕਾਂ ਨਾ' ਲਿਖਦੇ ਨੇ ਹੱਡਬੀਤੀ ਆਪਣੀ
ਹੁਣ ਲੋਕੀਂ ਕੀ ਜਾਨਣ ਇਹ ਕਿੰਨਾ ਰੋਏ ਨੇ

ਜੋ ਕਹਿੰਦੇ ਨੇ, "ਸ਼ਾਇਰ ਇਹ ਸੁਲਝੇ ਹੋਏ ਨੇ"
ਕੀ ਜਾਨਣ ਮੁਹੱਬਤ ਚ ਉਲਝੇ ਹੋਏ ਨੇ !

ਇਹ ਮਹਿਰਮ ਦੇ ਵੱਲੋਂ ਸਤਾਏ ਹੋਏ ਨੇ
ਇਹਨਾਂ ਜ਼ਖ਼ਮ ਦਿਲ ਤੇ ਹੰਢਾਏ ਹੋਏ ਨੇ

ਤੂੰ ਐਵੇਂ ਨਾ ਸਮਝੀਂ ਇਹ ਪੜ੍ਹਦੇ ਨੇ ਸਾਹਿਤ
ਇਹ ਸਾਹਿਰ ਤੇ ਸ਼ਿਵ ਦੇ ਸਿਖਾਏ ਹੋਏ ਨੇ

ਜੋ ਕਹਿੰਦੇ ਨੇ ਲਿਖਣਾ ਕਿਹੜੀ ਵੱਡੀ ਗੱਲ ਹੈ
ਕੀ ਜਾਨਣ ਇਹ ਸ਼ਾਇਰ ਤੇ ਜਿਉਂਦੇ ਮੋਏ ਨੇ

ਜੋ ਕਹਿੰਦੇ ਨੇ, "ਸ਼ਾਇਰ ਇਹ ਸੁਲਝੇ ਹੋਏ ਨੇ"
ਕੀ ਜਾਨਣ ਮੁਹੱਬਤ ਚ ਉਲਝੇ ਹੋਏ ਨੇ !

# ਬੜਾ ਮਨ ਕਰਦਾ ਹੈ

ਸੱਚੀਂ ! ਬੜਾ ਮਨ ਕਰਦਾ ਏ
ਤੇਰੇ ਨਾਲ ਗੱਲ ਕਰਨ ਦਾ
ਪਰ ਕੀ ਕਰਾਂ?
ਤੈਨੂੰ ਮੈਸੇਜ ਜਾਂ ਕਾਲ ਕਰਨ ਦੀ ਹਿੰਮਤ ਹੀ ਨਹੀਂ ਪੈਂਦੀ

ਹਰ ਰੋਜ਼ ਤੇਰੀ ਡੀ ਪੀ ਤੇ ਲਾਸਟ ਸੀਨ ਵੇਖਦਾ ਹਾਂ
ਕਦੇ ਕਦਾਈਂ ਮੈਸੇਜ ਵੀ ਟਾਇਪ ਕਰਦਾ ਹਾਂ
ਪਰ ਫ਼ਿਰ ਟਾਇਪ ਕਰਕੇ ਕੱਟ ਦਿੰਦਾ ਹਾਂ
ਪਤਾ ਨਹੀਂ ਕਿਉਂ ਡਰ ਜਿਹਾ ਲੱਗਦਾ ਏ
ਤੈਨੂੰ ਮੈਸੇਜ ਕਰਨ ਤੋਂ
ਬਸ ਤੇਰੀ ਸਹੇਲੀ ਕੋਲੋਂ ਹੀ ਤੇਰਾ ਹਾਲ ਚਾਲ ਪੁੱਛ ਕੇ ਖ਼ੁਸ਼ ਹੋ ਜਾਂਦਾ ਹਾਂ

ਅੱਜ ਵੀ ਤੇਰਾ ਨਾਮ ਸੁਣ ਕੇ,
ਚਿਹਰੇ ਤੇ ਇੱਕ ਮੁਸਕਾਨ ਜਿਹੀ ਆ ਜਾਂਦੀ ਏ
ਕਿਉਂਕਿ ਮੈਨੂੰ ਚੰਗਾ ਲੱਗਦਾ ਏ
ਜਦੋਂ ਕੋਈ ਤੇਰੇ ਬਾਰੇ ਗੱਲ ਕਰਦਾ ਏ
ਭਾਵੇਂ ਪਿਛਲੇ ਸਾਢੇ ਤਿੰਨ ਸਾਲਾਂ ਤੋਂ ਵੇਖਿਆ ਨਹੀਂ ਮੈਂ ਤੈਨੂੰ
ਪਰ ਖ਼ਾਬਾਂ ਵਿੱਚ ਤਾਂ ਅੱਜ ਵੀ ਆਉਂਦੀ ਏ ਤੂੰ
ਪਹਿਲਾਂ ਵਾਂਗ ਹੀ ਮੇਰਾ ਮੱਥਾ ਚੁੰਮਦੀ ਤੇ ਗਲ਼ ਨਾਲ ਲਗਾਉਂਦੀ ਏ

ਤੇ ਫਿਰ ਮੈਨੂੰ ਝੱਲਾ ਪਾਗ਼ਲ ਤੇ ਕਦੇ ਕਦੇ ਬੇਸ਼ਰਮ ਵੀ ਕਹਿ ਦਿੰਦੀ ਏ

ਪਰ ਖ਼ੈਰ ! ਕੋਈ ਗੱਲ ਨਹੀਂ

ਖ਼ਾਬਾਂ ਵਿੱਚ ਹੀ ਸਹੀ ਤੇਰੇ ਦੀਦਾਰ ਤਾਂ ਹੋ ਹੀ ਜਾਂਦੇ ਨੇ

ਮੇਰੇ ਲਈ ਇੰਨਾ ਹੀ ਕਾਫ਼ੀ ਏ

# ਸ਼ਮਸ਼ਾਨ

ਨਾ ਚੈਨ ਮਿਲੇ ਨਾ ਸਕੂਨ ਮਿਲੇ
ਮੈਂ ਉਲਝ ਚੁੱਕਾ ਪਰੇਸ਼ਾਨ ਹਾਂ ਮੈਂ
ਜਿਸ ਜਗ੍ਹਾ ਜਾਣ ਤੋਂ ਸਭ ਡਰਦੇ
ਕੋਈ ਉੱਜੜਿਆ ਜਿਹਾ ਸ਼ਮਸ਼ਾਨ ਹਾਂ ਮੈਂ

ਮੇਰਾ ਜਿਸਮ ਮਕਬਰੇ ਵਰਗਾ ਹੈ
ਮੇਰੇ ਵਿੱਚ ਰੀਝਾਂ ਦੀ ਲਾਸ਼ ਪਈ
ਨਾ ਰੂਹ ਦੀ ਭਟਕਣ ਖ਼ਤਮ ਹੁੰਦੀ
ਤੈਨੂੰ ਮਿਲਣੇ ਦੀ ਆਸ ਪਈ

ਕਦੇ ਭਰਿਆ ਸੀ ਹਰਿਆਲੀ ਨਾਲ
ਹੁਣ ਸੁੰਨਾ ਕਬਰਿਸਤਾਨ ਹਾਂ ਮੈਂ
ਜਿਸ ਜਗ੍ਹਾ ਜਾਣ ਤੋਂ ਸਭ ਡਰਦੇ
ਕੋਈ ਉੱਜੜਿਆ ਜਿਹਾ ਸ਼ਮਸ਼ਾਨ ਹਾਂ ਮੈਂ

# ਤੜਪ ਨਾ ਪਾਇਆ

ਮੇਰੀ ਪਹਿਲੀ ਮੁਹੱਬਤ ਸੀ
ਅੱਖਾਂ ਵਿੱਚ ਰੜਕ ਨਾ ਪਾਇਆ
ਮਹਿਰਮ ਹੀ ਬਣ ਗਿਆ ਕਾਤਿਲ
ਤਾਂਹੀਂ ਮੈਂ ਤੜਪ ਨਾ ਪਾਇਆ

ਉਹਦੇ ਮੂਹਰੇ ਮੈਂ ਦਮ ਤੋੜੇ
ਉਹਨੂੰ ਪਰ ਤਰਸ ਨਾ ਆਇਆ
ਬੜੀ ਕੋਸ਼ਿਸ਼ ਕਰੀ ਸੀ ਮੈਂ
ਮਗਰ ਦਿਲ ਧੜਕ ਨਾ ਪਾਇਆ

ਜੋ ਬੈਠਾ ਸੋਚ ਕੇ ਸੀ ਮੈਂ
ਉਵੇਂ ਕੁਝ ਹੋ ਨਹੀਂ ਸਕਿਆ
ਮੌਤ ਤੋਂ ਬਾਅਦ ਵੀ ਸੱਜਣਾ
ਚੈਨ ਨਾਲ ਸੋ ਨਹੀਂ ਸਕਿਆ

ਭਾਵੇਂ ਭਰਿਆ ਪਿਆ ਸੀ ਮੈਂ
ਫ਼ੇਰ ਵੀ ਬਰਸ ਨਾ ਪਾਇਆ
ਬੜੀ ਕੋਸ਼ਿਸ਼ ਕਰੀ ਸੀ ਮੈਂ
ਮਗਰ ਦਿਲ ਧੜਕ ਨਾ ਪਾਇਆ

# ਉਮੀਦਾਂ

ਮੈਂ ਮੇਰਾ ਕਮਰਾ ਤੇ ਮੇਰੀ ਤਨਹਾਈ

ਬਸ ਅਸੀਂ ਤਿੰਨੋਂ ਹੀ ਸਾਥੀ ਹਾਂ ਇੱਕ ਦੂਸਰੇ ਦੇ

ਮੇਰਾ ਖਾਲੀ ਪਿਆ ਕਮਰਾ ਮੈਨੂੰ ਤਨਹਾਈ ਨਾਲ ਮਿਲਾਉਂਦਾ ਹੈ

ਤੇ ਮੇਰੀ ਤਨਹਾਈ ਮੈਨੂੰ ਮੇਰੇ ਬੀਤ ਚੁੱਕੇ ਕੱਲ੍ਹ ਨਾਲ

ਉਸ ਕੱਲ੍ਹ ਨਾਲ ਜਿਸਦੇ ਵਿੱਚ ਅਨੇਕਾਂ ਹੀ ਯਾਦਾਂ ਪਈਆਂ ਨੇ ਮੈਨੂੰ ਉਦਾਸ ਕਰਨ ਵਾਲੀਆਂ ਜੋ ਤੇਰੇ ਤੇ ਮੇਰੇ ਨਾਲ ਜੁੜੀਆਂ ਨੇ

ਉਹ ਸਾਰੀਆਂ ਯਾਦਾਂ ਜੋ ਕਿਸੇ ਵੇਲੇ ਮੈਨੂੰ ਮੇਰੀ ਜ਼ਿੰਦਗੀ ਦੇ ਸਭ ਤੋਂ ਹਸੀਨ ਪਲ ਲੱਗਦੇ ਸਨ

ਅੱਜ ਮੈਨੂੰ ਖ਼ਾਣ ਨੂੰ ਆਉਂਦੇ ਨੇ

ਇਹਨਾਂ ਪਲਾਂ ਵਿੱਚੋਂ ਹੀ ਉਪਜਦੀ ਹੈ ਮੇਰੀ ਕਵਿਤਾ

ਉਹ ਕਵਿਤਾ ਜਿਸ ਵਿੱਚ ਭਰੇ ਹੁੰਦੇ ਨੇ ਮੇਰੇ ਸਾਰੇ ਗ਼ਮ, ਮੇਰੀਆਂ ਪੀੜਾਂ ਤੇ ਮੇਰੀਆਂ ਨਾ ਪੂਰੀਆਂ ਹੋਣ ਵਾਲੀਆਂ ਇੱਛਾਵਾਂ

ਉਹ ਇੱਛਾਵਾਂ ਜੋ ਤੇਰੇ ਤੇ ਮੇਰੇ ਆਉਣ ਵਾਲੇ ਕੱਲ੍ਹ ਨਾਲ ਜੁੜੀਆਂ ਸਨ

ਉਹ ਇੱਛਾਵਾਂ ਜੋ ਹੁਣ ਕਦੇ ਪੂਰੀਆਂ ਨਹੀਂ ਹੋਣੀਆਂ

ਤੈਨੂੰ ਪਤਾ !

ਮੁਹੱਬਤ ਕਦੇ ਦਰਦ ਨਹੀਂ ਦਿੰਦੀ

ਦਰਦ ਤੇ ਇੱਛਾਵਾਂ ਦਿੰਦੀਆਂ ਨੇ ਜੋ ਅਸੀਂ ਇੱਕ ਦੂਜੇ ਤੋਂ ਲਗਾ ਕੇ ਬੈਠ ਜਾਂਦੇ ਹਾਂ

ਜਦੋਂ ਆਪਣੇ ਕਿਸੇ ਖ਼ਾਸ ਕੋਲੋਂ ਲਾਈਆਂ ਉਮੀਦਾਂ ਟੁੱਟਦੀਆਂ ਨੇ ਨਾ

ਉਹਨਾਂ ਦੇ ਨਾਲ ਇਨਸਾਨ ਆਪ ਵੀ ਟੁੱਟ ਜਾਂਦਾ ਹੈ

ਮੈਨੂੰ ਵੀ ਤੇਰੀ ਮੁਹੱਬਤ ਦੇ ਨਹੀਂ ਤੋੜਿਆ

ਮੈਨੂੰ ਮੇਰੀਆਂ ਉਮੀਦਾਂ ਨੇ ਤੋੜਿਆ ਹੈ

ਉਹਨਾਂ ਉਮੀਦਾਂ ਨੇ ਜੋ ਮੈਂ ਤੇਰੇ ਕੋਲੋਂ ਲਗਾ ਕੇ ਬੈਠਾ ਸੀ

ਪਰ ਖ਼ੈਰ ! ਛੱਡ ਹੁਣ

ਜੋ ਹੋਣਾ ਸੀ ਹੁਣ ਤੇ ਉਹ ਹੋ ਚੁੱਕਾ ਹੈ

ਉਹਨੂੰ ਬਦਲਣਾ ਸੰਭਵ ਨਹੀਂ

ਕੁਝ ਚੀਜ਼ਾਂ ਸਾਡੇ ਹੱਥ ਵਿੱਚ ਨਹੀਂ ਹੁੰਦੀਆਂ

ਜਿਵੇਂ ਤੇਰਾ ਤੇ ਮੇਰਾ ਵਿਛੜਨਾ

ਕਦੇ ਕਦੇ ਮੈਨੂੰ ਲੱਗਦਾ ਕਿ ਆਪਾਂ ਮਿਲੇ ਹੀ ਵਿਛੜਣ ਲਈ ਸੀ

ਰੱਬ ਨੇ ਸਾਨੂੰ ਸ਼ਾਇਦ ਮਿਲਾਇਆ ਹੀ ਅਲੱਗ ਕਰਨ ਲਈ ਸੀ

ਮੈਨੂੰ ਲੱਗਦਾ ਕਿ ਇਹ ਰੱਬ ਦੀ ਮਰਜ਼ੀ ਸੀ ਕਿ ਆਪਾਂ ਮਿਲੀਏ ਇੱਕ ਦੂਜੇ ਤੋਂ ਵੱਖ ਹੋਈਏ
ਤੇ ਮੈਂ ਸ਼ਾਇਰ ਬਣਾ

# ਹੰਝੂ

ਤੂੰ ਦੱਸ ," ਕੀ ਤੈਨੂੰ ਯਾਦ ਨੇ ਹੰਝੂ"?
ਜੋ ਕੀਤੇ ਮੈਂ ਬਰਬਾਦ ਨੇ ਹੰਝੂ
ਬਹੁਤੇ ਤੇ ਵਹਿ ਕੇ ਉੱਜੜ ਗਏ
ਕੁਝ ਅੱਖਾਂ ਵਿੱਚ ਆਬਾਦ ਨੇ ਹੰਝੂ
ਤੂੰ ਦੱਸ ," ਕੀ ਤੈਨੂੰ ਯਾਦ ਨੇ ਹੰਝੂ"?
ਜੋ ਕੈਦ ਸੀ ਮੇਰਿਆਂ ਨੈਣਾਂ 'ਚ
ਤੂੰ ਜਿਹਨਾਂ ਨੂੰ ਆਜ਼ਾਦ ਕੀਤਾ
ਤੇਰੇ ਕਰਕੇ ਮੁਕਤ ਜੋ ਹੋ ਗਏ ਨੇ
ਸਭ ਤੇਰੇ ਸ਼ੁਕਰਗੁਜ਼ਾਰ ਨੇ ਹੰਝੂ
ਤੂੰ ਦੱਸ ," ਕੀ ਤੈਨੂੰ ਯਾਦ ਨੇ ਹੰਝੂ"?
ਜੋ ਗਲ਼ ਲਾ ਲਾ ਕੇ ਸੁਰਮੇ ਨੂੰ
ਬਾਰਿਸ਼ ਦੇ ਵਾਂਗ ਬਰਸਦੇ ਰਹੇ
ਤੂੰ ਪੂੰਝਣ ਵੀ ਨਾ ਆਇਆ ਵੇ
ਤੇਰੀ ਇੱਕ ਛੂਹ ਲਈ ਤਰਸਦੇ ਰਹੇ
ਤੇਰੇ ਸਾਹਮਣੇ ਜਿਹਨਾਂ ਦਮ ਤੋੜੇ
ਜੋ ਹੋ ਚੁੱਕੇ ਸ਼ਮਸ਼ਾਨ ਨੇ ਹੰਝੂ
ਤੂੰ ਦੱਸ ," ਕੀ ਤੈਨੂੰ ਯਾਦ ਨੇ ਹੰਝੂ"?

# ਭਿੱਟ ਅੰਗੀ

ਜੋ ਪਰਦਿਆਂ ਵਿੱਚ ਸੀ ਢਕੀ ਹੋਈ
ਉਹਦੀ ਸੋਚ ਹੋ ਗਈ ਨੰਗੀ ਏ
ਮੇਰਾ ਜਿਸਮ ਭੋਗ ਕੇ ਆਖ ਗਿਆ
ਵਿਆਹ ਨਹੀਂ ਹੋਣਾ ਭਿੱਟ ਅੰਗੀ ਏ

ਉਹਨੂੰ ਖ਼ਿਆਲ ਉਦੋਂ ਇਹ ਆਇਆ ਨਹੀਂ
ਜਦ ਦੇਹ ਮੇਰੀ ਨੂੰ ਚੁੰਮਦਾ ਸੀ
ਮੇਰਾ ਹੁਸਨ ਪੂਜਦਾ ਫਿਰਦਾ ਸੀ
ਬਣ ਨਾਗ ਜਿਸਮ ਤੇ ਘੁੰਮਦਾ ਸੀ

ਮੇਰੇ ਆ ਕੇ ਗਲ਼ ਨਾਲ ਲੱਗ ਜਾਵੇ
ਮੈਂ ਮੌਤ ਖ਼ੁਦਾ ਤੋਂ ਮੰਗੀ ਏ
ਮੇਰਾ ਜਿਸਮ ਭੋਗ ਕੇ ਆਖ ਗਿਆ
ਵਿਆਹ ਨਹੀਂ ਹੋਣਾ ਭਿੱਟ ਅੰਗੀ ਏ

# ਖ਼ਾਮੋਸ਼ੀ

ਮੈਂ ਚੁੱਪ ਹਾਂ
ਮੈਂ ਖ਼ਾਮੋਸ਼ ਹਾਂ
ਮੈਂ ਮੌਨ ਹਾਂ
ਬਿਲਕੁਲ ਕਿਸੇ ਸ਼ਮਸ਼ਾਨ ਦੇ ਵਾਂਗਰ
ਖ਼ਾਮੋਸ਼ੀ ਮੇਰੇ ਚਾਰੇ ਪਾਸੇ ਪਸਰੀ ਹੋਈ ਹੈ
ਨਾ ਕੋਈ ਆਵਾਜ਼ ਹੈ ਅਤੇ ਨਾ ਹੀ ਕੋਈ ਹਰਕਤ

ਮੇਰੇ ਆਲੇ ਦੁਆਲੇ ਸਭ ਕੁਝ ਮੌਨ ਹੈ
ਸਭ ਕੁਝ ਚੁੱਪ ਹੈ ਸਭ ਕੁਝ ਖ਼ਾਮੋਸ਼ ਹੈ

ਪਰ ਮੇਰੇ ਅੰਦਰ !
ਮੇਰੇ ਅੰਦਰ ਦਾ ਆਲਮ ਇਸ ਤਰ੍ਹਾਂ ਦਾ ਨਹੀਂ ਹੈ
ਅੰਦਰੋਂ ਮੈਂ ਮੌਨ ਨਹੀਂ ਹਾਂ
ਮੇਰੀ ਰੂਹ ਚੁੱਪ ਨਹੀਂ ਹੈ

ਇਹ ਰੋ ਰਹੀ ਹੈ, ਵਿਰਲਾਪ ਕਰ ਰਹੀ ਹੈ
ਚੀਕ ਰਹੀ ਹੈ, ਮਰ ਰਹੀ ਹੈ
ਹਰ ਲਮਹਾ ਹਰ ਪਲ
ਹੌਲੀ ਹੌਲੀ ਰਫ਼ਤਾ ਰਫ਼ਤਾ ਖ਼ਤਮ ਹੁੰਦੀ ਜਾ ਰਹੀ ਹੈ

ਅੰਦਰ ਹੀ ਅੰਦਰ ਘੁੱਟ ਰਹੀ ਹੈ

ਤੜਪ ਰਹੀ ਹੈ

ਪਰ ਮੇਰੀ ਰੂਹ ਦੀਆਂ ਇਹ ਚੀਕਾਂ ਕਦੇ ਬਾਹਰ ਨਹੀਂ ਆਉਂਦੀਆਂ

ਕਿਉਂਕਿ ਬਾਹਰੋਂ ਮੈਂ ਚੁੱਪ ਹਾਂ, ਖ਼ਾਮੋਸ਼ ਹਾਂ, ਮੌਨ ਹਾਂ

# ਉਡੀਕ

ਕੰਬਦੇ ਪਏ ਨੇ ਹੱਥ ਮੇਰੇ ਤੇ ਰੂਹ ਮੇਰੀ ਹੁਣ ਚੀਕ ਰਹੀ ਆ
ਠੀਕ ਠੀਕ ਕਹੀ ਜਾਂਦੀ ਹਾਂ ਮੈਂ,  ਭਾਵੇਂ ਕੁਝ ਵੀ ਠੀਕ ਨਹੀਂ ਆ
ਖ਼ਤਮ ਹੋ ਰਹੀ ਜੀਣ ਦੀ ਇੱਛਾ, ਟੁੱਟ ਰਹੀ ਰੱਸੀ ਸਾਹਾਂ ਵਾਲੀ
ਮਨ ਭਰਿਆ ਹੈ ਜ਼ਿੰਦਗੀ ਤੋਂ ਹੁਣ ਆਪਣੀ ਮੌਤ ਉਡੀਕ ਰਹੀ ਹਾਂ

ਆਜਾ ਹੋ ਜਾ ਖ਼ੁਸ਼ ਤੂੰ ਵੇਖ ਕੇ, ਹੋਈ ਮੈਂ ਬਰਬਾਦ ਪਈ ਆ
ਬਸ ਇੱਕ ਮੈਂ ਹਾਂ ਦੂਜਾ ਕਮਰਾ ਤੀਜੀ ਤੇਰੀ ਯਾਦ ਪਈ ਆ
ਜੰਨਤ ਜੰਨਤ ਕਹਿਣ ਵਾਲਿਆ ਦੋਜ਼ਖ਼ ਜਿਹੀ ਹੋ ਚੁੱਕੀ ਆ ਮੈਂ
ਟਾਈਮ ਕੱਢੀਂ ਤੇ ਵੇਖ ਕੇ ਜਾਵੀਂ ਕਿੰਝ ਮੈਂ ਤੇਰੇ ਬਾਅਦ ਪਈ ਆ

ਹਾਲੇ ਵੀ ਤੇਰੀ ਦੀਦ ਨੂੰ ਤਰਸੇ, ਨੈਣ ਮੇਰੇ ਤੇਰੇ ਲਈ ਬਰਸੇ
ਆਖ਼ਰੀ ਇੱਛਾ ਪੂਰੀ ਕਰਦੇ, ਤੈਨੂੰ ਅੱਖ ਉਡੀਕ ਰਹੀ ਆ
ਕੰਬਦੇ ਪਏ ਨੇ ਹੱਥ ਮੇਰੇ ਤੇ ਰੂਹ ਮੇਰੀ ਹੁਣ ਚੀਕ ਰਹੀ ਆ
ਠੀਕ ਠੀਕ ਕਹੀ ਜਾਂਦੀ ਹਾਂ ਮੈਂ,  ਭਾਵੇਂ ਕੁਝ ਵੀ ਠੀਕ ਨਹੀਂ ਆ

# ਕੱਖ ਹੋ ਗਿਆ

ਕੀਮਤੀ ਸੀ ਜੋ ਕੱਖ ਹੋ ਗਿਆ
ਜਦ ਦਾ ਤੈਥੋਂ ਵੱਖ ਹੋ ਗਿਆ
ਅੰਮ੍ਰਿਤ ਵਰਗੀਏ ਤੇਰੇ ਮਗਰੋਂ
ਜ਼ਹਿਰ ਮੇਰੇ ਤੋਂ ਚੱਖ ਹੋ ਗਿਆ

ਨਾ ਹੀ ਮੇਰਾ ਅੱਜ ਬਚਿਆ ਹੈ
ਨਾ ਹੀ ਮੇਰਾ ਕੱਲ੍ਹ ਬਚਿਆ ਹੈ
ਤੇਰੇ ਜਾਣ ਦੇ ਮਗਰੋਂ ਮਹਿਰਮ
ਬਸ ਹੁਣ ਮੌਤ ਹੀ ਹੱਲ ਬਚਿਆ ਹੈ

ਸਮੇਟ ਨਹੀਂ ਹੋਣਾ ਕਿਸੇ ਕੋਲੋਂ ਵੀ
ਰੂਹ ਦਾ ਟੁਕੜਾ ਲੱਖ ਹੋ ਗਿਆ
ਅੰਮ੍ਰਿਤ ਵਰਗੀਏ ਤੇਰੇ ਮਗਰੋਂ
ਜ਼ਹਿਰ ਮੇਰੇ ਤੋਂ ਚੱਖ ਹੋ ਗਿਆ

ਕਬਰ ਮੇਰੇ ਲਈ ਪੁੱਟਣ ਲੱਗੀ
ਨਰਕ ਚ ਮੈਨੂੰ ਸੁੱਟਣ ਲੱਗੀ
ਹਵਾ ਮੇਰੀ ਹੁਣ ਬਣ ਗਈ ਦੁਸ਼ਮਣ
ਗਲੇ ਮੇਰੇ ਨੂੰ ਘੁੱਟਣ ਲੱਗੀ

ਜ਼ਿੰਦਰਾ ਲਾ ਕੇ ਖ਼ੁਦ ਨੂੰ ਸੱਜਣਾ
ਪਿੰਜਰੇ ਦੇ ਵਿੱਚ ਰੱਖ ਹੋ ਗਿਆ
ਅੰਮ੍ਰਿਤ ਵਰਗੀਏ ਤੇਰੇ ਮਗਰੋਂ
ਜ਼ਹਿਰ ਮੇਰੇ ਤੋਂ ਚੱਖ ਹੋ ਗਿਆ

# ਬਦਲਾਵ

ਤੈਨੂੰ ਯਾਦ ਹੈ ?

ਤੂੰ ਕਹਿੰਦਾ ਹੁੰਦਾ ਸੀ ਕਿ "ਬਦਲਾਵ ਕੁਦਰਤ ਦਾ ਨਿਯਮ ਹੈ ਤੇ ਹਾਲਾਤਾਂ ਦੇ ਮੁਤਾਬਿਕ ਸਾਡੀਆਂ ਪਰਿਭਾਸ਼ਾਵਾਂ ਬਦਲ ਜਾਂਦੀਆਂ ਨੇ"

ਤੇਰੀ ਕਹੀ ਇਹ ਗੱਲ ਹੁਣ ਮੈਨੂੰ ਸੱਚੀ ਜਾਪ ਰਹੀ ਹੈ

ਕਿਉਂਕਿ ਤੂੰ ਵੀ ਤੇ ਹੁਣ ਬਦਲ ਗਿਆ ਹੈ ਨਾ ਯਾਰ

ਤੇਰੀਆਂ ਗੱਲਾਂ ਵੀ ਹੁਣ ਪਹਿਲਾਂ ਵਾਲੀਆਂ ਨਹੀਂ ਨੇ ਤੇ ਤੂੰ ਵੀ ਹੁਣ ਪਹਿਲਾਂ ਵਾਲਾ ਨਹੀਂ ਲੱਗਦਾ ਮੈਨੂੰ

ਪਹਿਲਾਂ ਤੂੰ ਕਹਿੰਦਾ ਸੀ ਕਿ ਤੇਰੀ ਮੁਹੱਬਤ ਜਿਸਮਾਂ ਤੱਕ ਸੀਮਤ ਨਹੀਂ ਹੈ

ਤੇ ਹੁਣ ਤੇਰੀ ਹਰ ਗੱਲ ਜਿਸਮਾਂ ਤੇ ਆ ਕੇ ਮੁੱਕ ਜਾਂਦੀ ਹੈ

ਤੇਰੇ ਕੋਲ਼ ਹੁਣ ਇਹਨਾਂ ਜਿਸਮਾਨੀ ਗੱਲਾਂ ਤੋਂ ਇਲਾਵਾ ਕਰਨ ਲਈ ਕੋਈ ਗੱਲ ਹੀ ਨਹੀਂ ਹੁੰਦੀ

ਮੇਰੇ ਰੋਣ ਤੇ ਹੁਣ ਤੂੰ ਅੱਖਾਂ ਨਹੀਂ ਭਰਦਾ ਤੇ ਨਾ ਹੀ ਮੇਰੇ ਉਦਾਸ ਹੋਣ ਤੇ ਉਦਾਸ ਹੁੰਦਾ ਹੈ

ਤੂੰ ਜਿੰਨਾ ਪਿਆਰ ਜਤਾਉਂਦਾ ਸੀ ਉਹਨਾਂ ਪਿਆਰ ਮੈਨੂੰ ਕਦੇ ਕੀਤਾ ਹੀ ਨਹੀਂ

ਤੇਰੀ ਮੁਹੱਬਤ ਮੈਨੂੰ ਬਸ ਤੇਰੀਆਂ ਲਿਖਤਾਂ ਵਿੱਚ ਹੀ ਦਿਖੀ ਹਕੀਕਤ ਵਿੱਚ ਨਹੀਂ

# ਖਲੋਇਆ ਜਾਂਦਾ ਨਹੀਂ

ਦਰਦਾਂ ਨੂੰ ਅੱਖਰਾਂ ਵਿੱਚ ਪਰੋਇਆ ਜਾਂਦਾ ਨਹੀਂ
ਮੁੱਕ ਚੁੱਕੇ ਹੰਝੂ ਮੇਰੇ ਰੋਇਆ ਜਾਂਦਾ ਨਹੀਂ
ਰੂਹ ਸਾੜ ਰਿਹਾ ਹੈ ਇਸ਼ਕ ਤੇਰਾ ਮੇਰੀ ਸੱਜਣਾ
ਇਸ ਅੱਗ ਵਿੱਚ ਮੈਥੋਂ ਹੋਰ ਖਲੋਇਆ ਜਾਂਦਾ ਨਹੀਂ

ਇਹ ਤਾਪ ਅਗਨ ਦਾ ਹੱਡਾਂ ਤੀਕਰ ਪਹੁੰਚ ਗਿਆ
ਮੇਰਾ ਖ਼ੂਨ ਵੀ ਹੌਲੀ ਹੌਲੀ ਸੁੱਕਦਾ ਜਾਂਦਾ ਹੈ
ਹੁਣ ਬਹੁਤ ਨੇੜੇ ਹਾਂ ਮੌਤ ਦੇ ਚੱਲ ਖ਼ੁਸ਼ ਹੋ ਜਾ ਤੂੰ
ਮੇਰੇ ਸਾਹਾਂ ਵਾਲਾ ਸਫ਼ਰ ਵੀ ਮੁੱਕਦਾ ਜਾਂਦਾ ਹੈ

ਕੋਸ਼ਿਸ਼ ਤੇ ਕਰਕੇ ਵੇਖ ਲਈ ਤੇਰੇ ਵਾਂਗਰ ਮੈਂ
ਕਿਸੇ ਹੋਰ ਦਾ ਵੀ ਮੇਰੇ ਤੋਂ ਹੋਇਆ ਜਾਂਦਾ ਨਹੀਂ
ਰੂਹ ਸਾੜ ਰਿਹਾ ਹੈ ਇਸ਼ਕ ਤੇਰਾ ਮੇਰੀ ਸੱਜਣਾ
ਇਸ ਅੱਗ ਵਿੱਚ ਮੈਥੋਂ ਹੋਰ ਖਲੋਇਆ ਜਾਂਦਾ ਨਹੀਂ

# ਟੁੱਟਿਆ ਕੱਚ

ਮੈਂ ਟੁੱਟੇ ਹੋਏ ਕੱਚ ਵਾਂਗ ਸੀ
ਉਹ ਮੇਰੀ ਜ਼ਿੰਦਗੀ ਵਿੱਚ ਆਈ
ਮੈਨੂੰ ਸਮੇਟਿਆ
ਪਿਘਲਾਇਆ
ਤੇ ਇੱਕ ਨਵਾਂ ਆਕਾਰ ਦਿੱਤਾ
ਮੈਨੂੰ ਵਜਾਹ ਦਿੱਤੀ ਜਿਉਣ ਦੀ
ਜ਼ਿੰਦਗੀ ਦੇ ਅਰਥ ਵੀ ਸਮਝਾਏ
ਤੇ ਫਿਰ ਮੈਨੂੰ ਤੋੜ ਦਿੱਤਾ
ਛੱਡ ਦਿੱਤਾ ਉਸੇ ਹੀ ਹਾਲਾਤ ਵਿੱਚ
ਜਿਸ ਹਾਲਾਤ ਵਿੱਚ ਮੈਂ ਪਹਿਲਾਂ ਸੀ

# ਤੇਰੀ ਕਵਿਤਾ

ਅੱਖਾਂ ਵਿੱਚ ਅੱਥਰੂ ਆ ਜਾਂਦੇ
ਤੇਰੀ ਲਿਖ਼ਤਾਂ ਵਿੱਚ ਹੈ ਪੀੜ ਬੜੀ
ਮੈਂ ਸੁੰਨ ਜਿਹਾ ਹੋ ਗਿਆ ਜਦੋਂ ਪੜ੍ਹੀ
ਤੇਰੀ ਕਵਿਤਾ ਦਰਦਾਂ ਨਾਲ ਭਰੀ

ਤੂੰ ਦਿਲ ਤੁੜਵਾ ਕੇ ਬੈਠੀ ਹੈ
ਤੇਰੇ ਹਰਫ਼ ਗਵਾਹੀ ਭਰਦੇ ਨੇ
ਗਲ਼ ਵਿੱਚ ਨੇ ਫਾਹੇ ਇਸ਼ਕੇ ਦੇ
ਲੱਗਦਾ ਖ਼ੁਦਕੁਸ਼ੀਆਂ ਕਰਦੇ ਨੇ

ਤੇਰੇ ਅੱਖ਼ਰ ਚੀਕਦੇ ਫਿਰਦੇ ਨੇ
ਪਰ ਤੂੰ ਖ਼ੁਦ ਚੁੱਪ ਹੈ ਮੌਨ ਖੜ੍ਹੀ
ਮੈਂ ਸੁੰਨ ਜਿਹਾ ਹੋ ਗਿਆ ਜਦੋਂ ਪੜ੍ਹੀ
ਤੇਰੀ ਕਵਿਤਾ ਦਰਦਾਂ ਨਾਲ ਭਰੀ

ਤੇਰੀ ਅੱਖ ਵਿੱਚ ਸੁਰਮਾ ਟਿਕਦਾ ਨਹੀਂ
ਹੰਝੂਆਂ ਨੂੰ ਕਲਮ ਚ ਭਰਦੀ ਹੈ
ਤੈਨੂੰ ਇਸ਼ਕ ਚ ਨਜ਼ਮਾਂ ਮਿਲੀਆਂ ਨੇ
ਲੱਗਦਾ ਸ਼ਿਵ ਨੂੰ ਵੀ ਪੜ੍ਹਦੀ ਹੈ

ਤੈਨੂੰ ਪਿਆਰ ਚ ਮਿਲੀਆਂ ਤਨਹਾਈਆਂ
ਤੂੰ ਹਿਜ਼ਰ ਦੀ ਅੱਗ ਦੇ ਵਿੱਚ ਸੜੀ
ਮੈਂ ਸੁੰਨ ਜਿਹਾ ਹੋ ਗਿਆ ਜਦੋਂ ਪੜ੍ਹੀ
ਤੇਰੀ ਕਵਿਤਾ ਦਰਦਾਂ ਨਾਲ ਭਰੀ

# ਮੇਰੀ ਜੰਨਤ

ਸ਼ੁਰੂਆਤ ਵਿੱਚੋ ਨਹੀਂ ਅੱਧ ਵਿੱਚੋਂ, ਕਰ ਰਿਹਾਂ ਆਗਾਜ਼ ਕਹਾਣੀ ਦਾ
ਇਹ ਕਿੱਸਾ ਥੋੜਾ ਮੇਰਾ ਹੈ, ਥੋੜਾ ਹੈ ਉਸ ਮਰਜਾਣੀ ਦਾ

ਅੱਜ ਦਿਲ ਵਿੱਚ ਰੱਖ ਕੇ ਬੈਠਾ ਜੋ, ਉਹ ਸਾਰੀਆਂ ਗੱਲਾਂ ਕਰਨੀਆਂ ਨੇ
ਜੰਮੀ ਧੂੜ ਜਿਹੜੀਆਂ ਯਾਦਾਂ ਤੇ, ਮੈਂ ਫੇਰ ਦੋਬਾਰਾ ਪੜ੍ਹਨੀਆਂ ਨੇ

ਕੁਝ ਜਿਆਦਾ ਨਹੀਂ, ਦੋ ਤਿੰਨ ਸਾਲਾਂ ਤੋਂ, ਫੌਲੋ ਉਹਨੂੰ ਕਰਦਾ ਸੀ
**May be** ਉਹ ਜਾਣਦੀ ਤੇ ਹੋਣੀ, ਸ਼ਾਇਰੀ ਉਹਦੇ ਲਈ ਕਰਦਾ ਸੀ

ਨਾਲ਼ ਪੜ੍ਹਦੀ ਸੀ ਸਹੇਲੀ ਉਹਦੀ, ਮੇਰੇ ਨਾਲ ਉਹਦੀ ਥੋੜੀ ਬਣਦੀ ਸੀ
ਉਹਨੂੰ ਪਤਾ ਸੀ ਮੇਰਾ ਕਰੱਸ਼ ਆ ਉਹ, ਤਾਂਹੀਂ ਕੋਮੈਂਟ ਪਾਸ ਉਹ ਕਰਦੀ ਸੀ

ਚੱਲੋ ਜਿਗਰਾ ਕਰ ਸਹੇਲੀ ਉਹਦੀ ਤੋਂ, ਨੰਬਰ ਤੇ ਉਹਦਾ ਲੈ ਲਿਆ ਮੈਂ
ਹੁਣ ਫ਼ੋਨ ਕਰਾਂ ਜਾਂ ਨਾ ਕਰਾਂ, ਇਸ ਸੋਚ ਦੇ ਵਿੱਚ ਸੀ ਪੈ ਗਿਆ ਮੈਂ

ਇਹ ਸੋਚਦੇ, ਸੋਚਦੇ, ਸੋਚਦੇ ਹੀ ਛੇ ਸੱਤ ਮਹੀਨੇ ਕੱਢ ਦਿੱਤੇ
ਸੀ ਰੋਜ਼ ਹੀ ਕਰਦਾ ਟਾਈਪ ਮੈਸੇਜ, ਬਸ ਟਾਈਪ ਹੀ ਕਰਕੇ ਕੱਟ ਦਿੱਤੇ

ਫਿਰ ਇੱਕ ਦਿਨ ਜਿਗਰਾ ਕਰ ਹੀ ਲਿਆ
ਚੱਕ ਫੋਨ ਮੈਂ ਹੱਥ ਵਿੱਚ ਫੜ ਹੀ ਲਿਆ

ਕੀਤਾ ਮੈਸੇਜ ਟਾਈਪ ਮੈਂ ਹਾਏ ਦਾ , ਤੇ ਕਰ ਦਿੱਤਾ ਸੈਂਡ ਸੀ ਉਹਨੂੰ ਮੈਂ
ਕਰੋ ਵੇਟ ਥੋੜਾ ਦੱਸਣ ਲੱਗਾ ਹੋਇਆ ਕਿ ਅੱਗੇ ਥੋਨੂੰ ਮੈਂ

ਜੀ ਜਦੋਂ ਦੱਸਿਆ ਉਹਨੂੰ ਨਾਮ ਆਪਣਾ, ਉਹ ਤੇ ਗੁੱਸੇ ਵਿੱਚ ਭੜਕ ਗਈ
ਮੈਨੂੰ ਲੱਗਿਆ ਜਿਉਂ ਤਲਵਾਰ ਨੰਗੀ, ਮੇਰੇ ਗਲੇ ਦੇ ਉੱਤੇ ਲਟਕ ਗਈ

ਉਹਦੇ ਗੁੱਸੇ ਨਾਲ ਭਰੇ ਮੈਸੇਜ, ਆ ਰਹੇ ਸੀ ਵਾਰੋ ਵਾਰੀ ਜੀ
ਮੈਨੂੰ ਅੱਜ ਵੀ ਗੱਲ ਏ ਯਾਦ ਸਾਰੀ, ਉਹ ਰਾਤ ਮੇਰੇ ਤੇ ਭਾਰੀ ਸੀ

ਮੈਂ ਤਾਂ ਰਿਪਲਾਈ ਵਿੱਚ ਉਦੋਂ ਸੌਰੀ ਸੌਰੀ ਲਿਖਦਾ ਰਹਿ ਗਿਆ ਸੀ
ਸੀ ਪਹਿਲਾਂ ਹੀ ਪਿਆਰ ਦਾ ਮਾਰਾ ਮੈਂ, ਇਹ ਤਾਂ ਨਵਾਂ ਪੰਗਾ ਮੈਂ ਲੈ ਲਿਆ ਸੀ

ਫਿਰ ਦੂਜੇ ਦਿਨ ਕਲਾਸ 'ਚ ਜਾ ਕੇ, ਫੇਸ ਉਹਨੂੰ ਮੈਂ ਕਰਨਾ ਸੀ
ਇਹ ਗੱਲ ਜੋ ਹੋਈ ਰਾਤ ਵਾਲੀ, ਮੈਂ ਤਾਂ ਡਰਨਾ ਹੀ ਡਰਨਾ ਸੀ
ਕੀਤੀ ਗੱਲ ਸਹੇਲੀ ਉਹਦੀ ਨਾਲ, ਇਹ ਜੋ ਸਭ ਮੇਰੇ ਨਾਲ ਹੋਈ
ਉਹ ਕਹਿੰਦੀ **don't worry** ਟੈਂਸ਼ਨ ਨਹੀਂ, ਮੈਂ ਆਪੇ ਹੈਂਡਲ ਕਰਲਾਂਗੀ

ਚੱਲੋ ਥੋੜਾ ਦਿਲਾਸਾ ਤੇ ਮਿਲਿਆ ਪਰ ਅਜੇ ਵੀ ਸੀ ਮੈਂ ਕੰਬ ਰਿਹਾ
ਅਜੇ ਸੋਚ ਹੀ ਰਿਹਾ ਸੀ ਕੀ ਹੋਣਾ, ਕਿ ਉਹਦਾ ਪੈਰ ਕਲਾਸ ਦੇ ਵਿੱਚ ਪਿਆ

ਉਹਦੀ ਫ੍ਰੈਂਡ ਨੇ ਉਹਨੂੰ ਰੋਕ ਲਿਆ, ਇਸ ਤੋਂ ਪਹਿਲਾਂ ਉਹ ਕੁਝ ਕਹਿੰਦੀ
ਲੱਗ ਪਈ ਸ਼ਾਇਦ ਸਮਝਾਉਣ ਉਹਨੂੰ, ਇਸ ਤੋਂ ਪਹਿਲਾਂ ਮੇਰੇ ਨਾਲ ਖਹਿੰਦੀ

ਕੀ ਗੱਲ ਹੋਈ ਉਹਨਾਂ ਦੋਵਾਂ ਵਿੱਚ, ਇੰਨਾ ਤੇ ਮੈਨੂੰ ਪਤਾ ਨਹੀਂ
ਪਰ ਕਰ ਲਿਆ ਕਨਵਿੰਸ ਉਹਨੇ, ਉਹਨੂੰ ਕੇ ਮੁੰਡਾ ਚੰਗਾ ਏ

ਗੱਲ ਰਫ਼ਾ ਦਫ਼ਾ ਜਿਹੀ ਹੋ ਗਈ ਸੀ
ਮੇਰੀ ਟੈਂਸ਼ਨ ਵੀ ਕਮ ਹੋ ਗਈ ਸੀ

ਉਹਦੀ ਫ੍ਰੈਂਡ ਕਹਿੰਦੀ ਤੁਸੀਂ ਇੱਕ ਵਾਰੀ, ਬਸ ਫ਼ੋਨ ਉੱਤੇ ਕਰ ਗੱਲ ਲਿਓ
ਜੋ ਵੀ ਮਿਸਅੰਡਰਸਟੈਂਡਿੰਗ ਹੈ, ਤੁਸੀਂ ਆਪੇ ਹੀ ਕਰ ਹੱਲ ਲਿਓ

ਫ਼ਿਰ ਕੀ ਸੀ ਘਰ ਜਾਂਦੇ ਹੀ ਮੈਂ, ਮੈਸੇਜ ਉਹਨੂੰ ਕਰ ਸੈਂਡ ਦਿੱਤਾ
ਦੋ ਘੰਟੇ ਹੋਣੀ ਵੇਟ ਕੀਤੀ, ਨਾ ਉਹਨੇ ਕੋਈ ਰਿਪਲਾਈ ਕੀਤਾ

ਹਾਲੇ ਵੀ ਸ਼ਾਇਦ ਗੁੱਸੇ ਏ ! ਮੰਨ ਹੀ ਮੰਨ ਸੀ ਮੈਂ ਸੋਚ ਰਿਹਾ
ਖ਼ੁਦ ਨੂੰ ਹੀ ਗਾਲਾਂ ਕੱਢ ਰਿਹਾ ਸੀ ਖ਼ੁਦ ਨੂੰ ਹੀ ਸੀ ਮੈਂ ਕੋਸ ਰਿਹਾ

ਇੰਨੇ ਨੂੰ ਮੈਸੇਜ ਆ ਹੀ ਗਿਆ, ਬੜੀ ਤੇਜ਼ੀ ਦੇ ਨਾਲ ਖੋਲ੍ਹਿਆ ਮੈਂ
ਉਹਦੇ "ਹਾਏ" ਦੇ ਰਿਪਲਾਈ ਦੇ ਵਿੱਚ, "**How are you**" ਸੀ ਬੋਲਿਆ ਮੈਂ

ਫ਼ਿਰ ਕੀ ਸੀ ਗੱਲਾਂ ਸ਼ੁਰੂ ਹੋਈਆਂ, ਇਹ ਕਿਹੜਾ ਛੇਤੀ ਮੁੱਕਣੀਆਂ ਸੀ
ਦੋ ਸਾਲ ਤੋਂ ਦੱਬ ਕੇ ਬੈਠਾ ਸੀ, ਇਹ ਫੀਲਿੰਗਸ ਕਿਹੜੀਆਂ ਰੁਕਣੀਆਂ ਸੀ

ਦੱਸ ਦਿੱਤਾ ਉਹਨੂੰ ਸਭ ਕੁਝ ਮੈਂ, ਇਜ਼ਹਾਰ ਪਿਆਰ ਦਾ ਕਰ ਦਿੱਤਾ
ਆਪਣੀ ਫੀਲਿੰਗਸ ਦੇ ਨਾਲ ਉਦੋਂ ਉਹਦਾ ਇਨਬਾਕਸ ਸੀ ਮੈਂ ਭਰ ਦਿੱਤਾ

ਕਰਿੰਦੀ ਫ੍ਰੈਂਡ ਹੀ ਬਣ ਸਕਦੀ ਆ ਮੈਂ, ਗਰਲਫ੍ਰੈਂਡ ਦੇ ਲਈ ਤੇ ਮਾਫ਼ੀ ਆ
ਮੈਂ ਕਿਹਾ ਦੋ ਪਲ ਵੀ ਜੇ ਗੱਲ ਹੋ ਜਾਵੇ, ਤੇਰੇ ਨਾਲ ਇਹ ਕਾਫ਼ੀ ਆ

ਫਿਰ ਬਣ ਗਈ ਮੇਰੀ ਫ੍ਰੈਂਡ, ਉਹ ਮੈਨੂੰ ਹੱਸ ਬੁਲਾਵਣ ਲੱਗ ਗਈ ਸੀ
ਮੇਰੇ ਨੋਟਸ ਉਹੀ ਬਣਾਉਂਦੀ ਸੀ, ਮੇਰੇ ਨਾਲ ਖਾਵਣ ਲੱਗ ਗਈ ਸੀ

ਸੀ ਰਾਤ ਰਾਤ ਭਰ ਗੱਲ ਕਰਦੀ, ਉਹ ਹੱਕ ਜਤਾਵਣ ਲੱਗ ਗਈ ਸੀ
ਮੈਨੂੰ ਹੋ ਗਿਆ ਇਲਮ ਸੀ ਇਸ ਗੱਲ ਦਾ, ਉਹ ਮੈਨੂੰ ਚਾਵਣ ਲੱਗ ਗਈ ਸੀ

ਅੱਡੇ ਖੜ੍ਹ ਵੇਟ ਸੀ ਮੈਂ ਕਰਦਾ, ਮੇਰੇ ਨਾਲ ਹੀ ਕਾਲਜ ਜਾਂਦੀ ਸੀ
ਮੈਨੂੰ ਹੋਰ ਕੀ ਚਾਹੀਦਾ ਸੀ ਯਾਰੋ, ਮੇਰੀ ਤਾਂ ਹੋ ਗਈ ਚਾਂਦੀ ਸੀ

ਫਿਰ ਇੱਕ ਦਿਨ ਉਹਨੇ ਖ਼ੁਦ ਹੀ ਮੈਨੂੰ ਪਿਆਰ ਦਾ ਕਰ ਇਜ਼ਹਾਰ ਦਿੱਤਾ
ਵਟਸਐਪ ਉੱਤੇ "**I love you** ਝੂਠਿਆ", ਕਹਿ ਕੇ ਮੈਨੂੰ ਮਾਰ ਦਿੱਤਾ

ਮੈਨੂੰ ਯਕੀਨ ਨਹੀਂ ਹੁੰਦਾ ਸੀ ਕਿ ਕਰ ਦਿੱਤੀ ਉਹਨੇ ਹਾਂ ਮੈਨੂੰ
ਮੈਂ ਖ਼ੁਸ਼ੀ ਚ ਝੱਲਾ ਹੋ ਗਿਆ ਸੀ, ਨਹੀਂ ਕੁਝ ਵੀ ਸੀ ਸੁੱਝਦਾ ਮੈਨੂੰ

ਮੈਂ ਰੱਬ ਦੇ ਕੀਤੇ ਸ਼ੁਕਰਾਨੇ ਕਿ ਦੁਆ ਕਬੂਲ ਮੇਰੀ ਹੋਈ
ਉਹ ਰਾਤ ਮੁਹੱਬਤ ਵਾਲੀ ਸੀ, ਨਾ ਮੈਂ ਸੋਇਆ ਨਾ ਉਹ ਸੋਈ

ਗਰਲਫ੍ਰੈਂਡ ਬਣਨ ਤੋਂ ਬਾਅਦ ਵੀ ਉਹਨੇ ਪਿਆਰ ਬਿਨਾਂ ਨਾ ਕੁੱਝ ਮੰਗਿਆ
ਮੇਰੀ ਡਿਗਰੀ ਵਾਲਾ ਆਖ਼ਰੀ ਸਾਲ, ਉਹਦੇ ਨਾਲ ਬੜਾ ਸੋਹਣਾ ਲੰਘਿਆ

ਡਿਗਰੀ ਕੰਮਪਲੀਟ ਕਰਨ ਪਿੱਛੋਂ, ਉਹ ਚਲੀ ਗਈ ਫਿਰ ਇਟਲੀ ਨੂੰ
ਹੁਣ ਵੀਡਿਓ ਕਾਲ ਮਿਟਾਉਂਦੀ ਸੀ, ਦੋਵਾਂ ਦੀ ਦੂਰੀ ਵਿਚਲੀ ਨੂੰ

ਭਾਵੇਂ ਬਿਜ਼ੀ ਹੋ ਗਈ ਹੁਣ ਉਹ, ਪਰ ਟਾਇਮ ਮੇਰੇ ਲਈ ਕੱਢਦੀ ਸੀ
ਕਹਿੰਦੀ ਫ਼ਿਕਰ ਨਾ ਕਰੀ ਝੂਠਿਆ ਵੇ, ਮੈਂ ਤੇਰਾ ਖਹਿੜਾ ਛੱਡਦੀ ਨਹੀਂ

ਵੇਖੀਂ ਤੂੰ ਨਾ ਕਰ ਜਾਈਂ ਧੋਖਾ, ਮੈਂ ਤਾਂ ਪਿੱਛੇ ਹੁਣ ਹਟਦੀ ਨਹੀਂ
ਤੂੰ ਹੀ ਏ ਹਾਣੀ ਰੂਹਾਂ ਦਾ, ਮੈਂ ਕਿਸੇ ਹੋਰ ਨੂੰ ਤੱਕਦੀ ਨਹੀਂ

ਭਾਵੇਂ ਲੌਂਗ ਡਿਸਟੈਂਸ ਰਿਲੇਸ਼ਨ ਸੀ, ਪਰ ਦਿਲਾਂ ਦੇ ਵਿੱਚ ਨਾ ਦੂਰੀ ਸੀ
ਮੇਰੀ ਉਹਦੇ ਨਾਲ ਉਹਦੀ ਮੇਰੇ ਨਾਲ, ਗੱਲ ਹੁੰਦੀ ਰੋਜ਼ ਜ਼ਰੂਰੀ ਸੀ

ਤਿੰਨ ਸਾਲ ਇਵੇਂ ਹੀ ਲੰਘ ਗਏ, ਅਸੀਂ ਦੱਸਿਆ ਫਿਰ ਘਰ ਵਾਲਿਆਂ ਨੂੰ
ਮੇਰੀ ਅੰਮੀ ਵੱਲੋਂ ਤਾਂ ਹਾਂ ਹੀ ਸੀ, ਕਹਿੰਦੀ ਭਾਵੇਂ ਕੱਲ੍ਹ ਵਿਆਹ ਲਿਆ ਤੂੰ

ਮੇਰੇ ਘਰ ਦਿਆਂ ਹਾਮੀ ਭਰ ਦਿੱਤੀ, ਉਹਦੇ ਵਾਲਿਆਂ ਵੀ ਹਾਂ ਕਰ ਦਿੱਤੀ
ਹੁਣ ਸਾਡੇ ਬਾਰੇ ਪਤਾ ਲੱਗ ਗਿਆ ਸੀ ਲਗਭਗ ਹੀ ਸਾਰਿਆਂ ਨੂੰ

ਫ਼ਿਰ ਤਿੰਨ ਸਾਲਾਂ ਤੋਂ ਬਾਅਦ ਉਹਨੇ ਮੁੜ ਕੇ ਇੰਡੀਆ ਨੂੰ ਆਉਣਾ ਸੀ
ਮੇਰੀ ਵੀ ਪੂਰੀ ਤਿਆਰੀ ਸੀ, ਉਹਦੇ ਨਾਲ ਵਿਆਹ ਕਰਵਾਉਣਾ ਸੀ

ਮੈਥੋਂ ਖ਼ੁਸ਼ੀ ਸੰਭਾਲ ਨਹੀਂ ਹੋ ਰਹੀ ਸੀ, ਮੈਨੂੰ ਚਾਅ ਸੀ ਚੜਿਆ ਲੋਹੜਿਆਂ ਦਾ
ਮੈਂ ਬਣ ਜਾਣਾ ਸੀ ਉਹਦਾ ਤੇ, ਉਹਨੇ ਮੇਰੀ ਹੋ ਜਾਣਾ ਸੀ

ਪਰ ਸੋਚਿਆ ਸੀ ਜੋ ਹੋਇਆ ਨਹੀਂ, ਸਾਡਾ ਮੇਲ ਦੋਹਾਂ ਦਾ ਹੋਇਆ ਨਹੀਂ
ਉਸ ਦਿਨ ਮੈਂ ਇੰਨਾ ਰੋਇਆ ਜਿੰਨਾ ਸਾਰੀ ਜ਼ਿੰਦਗੀ ਰੋਇਆ ਨਹੀਂ

ਉਹਦੇ ਵਾਪਿਸ ਆਉਣ ਤੋਂ ਪਹਿਲਾਂ ਹੀ, ਉਹਦੀ ਲੈ ਲਈ ਜਾਨ ਕਰੋਨਾ ਨੇ
ਉਹਨੂੰ ਚੇਤੇ ਕਰ ਅੱਖ ਭਰਦੀ ਏ, ਉਹਦੀ ਫੋਟੋ ਤੱਕ ਕੇ ਰੋਂਦਾ ਮੈਂ

ਮੈਨੂੰ ਮੌਕਾ ਵੀ ਨਹੀਂ ਮਿਲਿਆ, ਉਹਨੂੰ ਆਖਰੀ ਵਾਰੀ ਤੱਕਣ ਦਾ
ਉਹਦੇ ਨਾਲ ਗੱਲਾਂ ਕਰਨੇ ਦਾ, ਉਹਦੇ ਨਾਲ ਰੋਵਣ ਹੱਸਣ ਦਾ

ਉਹਨੂੰ ਦਿਲ ਦੀਆਂ ਗੱਲਾਂ ਦੱਸਣ ਦਾ, ਉਹਨੂੰ ਘੁੱਟ ਕੇ ਗਲ਼ ਨਾਲ ਲਾਵਣ ਦਾ
ਮੈਨੂੰ ਮੌਕਾ ਵੀ ਨਹੀਂ ਮਿਲਿਆ, ਉਹਦੇ ਉੱਤੇ ਹੱਕ ਜਤਾਵਣ ਦਾ

ਉਹ ਖ਼ਾਬਾਂ ਵਿੱਚ ਆਉਂਦੀ ਅੱਜ ਵੀ, ਮੈਂ ਚੁੰਮਾਂ ਉਹਦਿਆਂ ਪੈਰਾਂ ਨੂੰ
ਮੇਰੀ ਜੰਨਤ ਜੰਨਤ ਵਿੱਚ ਬੈਠੀ, ਮੰਗਦੀ ਆ ਮੇਰੀਆਂ ਖ਼ੈਰਾਂ ਨੂੰ

ਭਾਵੇਂ ਬਣ ਗਈ ਉਹ ਤਾਰਾ ਏ, ਪਰ ਅੱਜ ਵੀ ਮੇਰਾ ਸਹਾਰਾ ਏ
ਇਸ ਜਨਮ ਨਹੀਂ ਤਾਂ ਅਗਲੇ ਸਹੀ, ਉਹਨੂੰ ਮਿਲਣਾ ਫ਼ੇਰ ਦੋਬਾਰਾ ਏ

# ਮੁਹੱਬਤ ਤੇ ਮੌਤ

ਕਈ ਵਾਰ ਮੁਹੱਬਤ ਮੌਤ ਤੋਂ ਵੀ ਵੱਧ ਦਰਦਨਾਖ਼ ਹੁੰਦੀ ਹੈ
ਮੌਤ ਇਨਸਾਨ ਨੂੰ ਆਜ਼ਾਦ ਕਰ ਦਿੰਦੀ ਹੈ
ਸਾਰੇ ਦਰਦਾਂ ਤੋਂ ਸਾਰੀਆਂ ਤਕਲੀਫ਼ਾਂ ਤੋਂ
ਸਾਰੇ ਗ਼ਮਾਂ ਤੋਂ, ਸਾਰੀਆਂ ਪੀੜਾਂ ਤੋਂ
ਸਾਰੇ ਰਿਸ਼ਤਿਆਂ ਤੋਂ ਤੇ ਸਾਰੇ ਬੰਧਨਾਂ ਤੋਂ ਵੀ

ਪਰ ਅਧੂਰੀ ਮੁਹੱਬਤ ਹਰ ਸਾਹ ਦੇ ਨਾਲ ਤਕਲੀਫ਼ ਦਿੰਦੀ ਹੈ
ਕਿੰਨੇ ਹੀ ਟੁਕੜਿਆਂ ਵਿੱਚ ਤੋੜ ਕੇ ਰੱਖ ਦਿੰਦੀ ਹੈ ਇਹ ਇਨਸਾਨ ਨੂੰ ਅੰਦਰੋਂ
ਜਿਸਤੋਂ ਬਾਅਦ ਜੁੜਨਾ ਸੰਭਵ ਨਹੀਂ ਹੁੰਦਾ

ਅਧੂਰੀ ਮੁਹੱਬਤ ਕੈਦ ਜਿਹੀ ਹੈ
ਜਿਸ ਵਿੱਚੋਂ ਚਾਹ ਕੇ ਵੀ ਆਜ਼ਾਦ ਨਹੀਂ ਹੋਇਆ ਜਾ ਸਕਦਾ
ਹੱਥਾਂ ਵਿੱਚ ਯਾਦਾਂ ਦੀਆਂ ਲੱਗੀਆਂ ਹੋਈਆਂ ਹਥਕੜੀਆਂ
ਤੇ ਪੈਰਾਂ ਵਿੱਚ ਪਈਆਂ ਅਧੂਰੇ ਇਸ਼ਕ ਦੀਆਂ ਬੇੜੀਆਂ ਦੋ ਕਦਮ ਚੱਜ ਨਾਲ ਤੁਰਨ ਜੋਗਾ ਵੀ ਨਹੀਂ ਛੱਡਦੀਆਂ

ਮੁਹੱਬਤ ਦੀ ਇਸ ਕੈਦ ਵਿੱਚ ਮਿਲੇ ਹੋਏ ਜ਼ਖ਼ਮ ਭਾਵੇਂ ਦਿਖਾਈ ਨਹੀਂ ਦਿੰਦੇ
ਪਰ ਦਰਦ ਬੇਪਨਾਹ ਦਿੰਦੇ ਨੇ

ਟੁੱਟੇ ਹੋਏ ਖ਼ਵਾਬਾਂ ਤੇ ਉੱਜੜੀਆਂ ਹੋਈਆਂ ਰੀਝਾਂ ਨਾਲ ਤਨਹਾਈ ਭਰੇ ਇਸ ਕੈਦਖਾਨੇ ਵਿੱਚ

ਹਰ ਪਲ, ਹਰ ਘੜੀ ਹਰ ਰੋਜ਼ ਮਰਦਾ ਹੈ ਉਹ ਇਨਸਾਨ

ਜਿਸਦੀ ਮੁਹੱਬਤ ਮੁਕੰਮਲ ਨਹੀਂ ਹੁੰਦੀ

WWW.PUNJABILIBRARY.COM

ਬੇਸਬਰੇ ਜਿਹੇ ਲੋਕਾਂ ਨੂੰ ਸਬਰ ਸਿਖਾ ਦਿੰਦਾ ਹੈ ਇਸ਼ਕ

ਕਿਸੇ ਨੂੰ ਜਾਨਵਰ ਤੇ ਕਿਸੇ ਨੂੰ ਇਨਸਾਨ ਬਣਾ ਦਿੰਦਾ ਹੈ ਇਸ਼ਕ

ਜ਼ਰੂਰੀ ਨਹੀਂ ਕਿ ਹਰ ਕਿਸੇ ਨੂੰ ਖੁਸ਼ੀਆਂ ਤੇ ਹਾਸੇ ਹੀ ਦੇਵੇ

ਕਦੇ ਕਦੇ ਹੱਸਦੀਆਂ ਵੱਸਦੀਆਂ ਰੂਹਾਂ ਨੂੰ, ਸ਼ਮਸ਼ਾਨ ਬਣਾ ਦਿੰਦਾ ਹੈ ਇਸ਼ਕ

# Muhabbat Ton Maut Takk

Gurpreet Guri



www.punjabilibrary.com
E-Mail
guri04884@gmail.com
gurigurpreet498
9779670711
gurpreetguri498